# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ.-1 ਸਮੈਸਟਰ ਦੂਜਾ

ਪੇਪਰ : ***XI*** ਅਤੇ ***XII*** (ਟੀਚਿੰਗ ਆਫ ਪੰਜਾਬੀ) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1: ਮਾਤ ਭਾਸ਼ਾ ਦਾ ਅਧਿਆਪਕ

2.2: ਮਾਤ ਭਾਸ਼ਾ ਸਿੱਖਿਆ ਵਿੱਚ ਦ੍ਰਿਸ਼ਟੀ ਸ੍ਰੋਤ ਸਹਾਇਕ ਸਾਧਨ

2.3: ਮਾਤ ਭਾਸ਼ਾ ਦਾ ਮੁਲਾਂਕਣ

2.4: ਸੂਖਮ ਅਧਿਆਪਨ ਅਤੇ ਕੌਸ਼ਲ

2.5: ਪਾਠ ਯੋਜਨਾ



***Department website : www.pbidde.org***

ਪਾਠ ਨੰਬਰ : 2.1

## ਮਾਤ ਭਾਸ਼ਾ ਦਾ ਅਧਿਆਪਕ

2.1.0 ਪਾਠ ਦੀ ਬਣਤਰ
2.1.1 ਉਦੇਸ਼
2.1.2 ਜਾਣ ਪਛਾਣ
2.1.3 ਮਾਤ ਭਾਸ਼ਾ ਅਧਿਆਪਕ ਦੀਆਂ ਯੋਗਂਤਾਵਾਂ
2.1.4 ਅਧਿਆਪਕ ਦੀ ਵਿਦਿਆਰਥੀ ਜੀਵਨ ਵਿੱਚ ਭੂਮਿਕਾ
2.1.5 ਪੰਜਾਬੀ ਅਧਿਆਪਕ ਦੇ ਗੁਣ
 2.1.5.1 ਸਧਾਰਣ ਗੁਣ
 2.1.5.2 ਵਿਸ਼ੇਸ਼ ਗੁਣ
2.1.6 ਮਾਤ ਭਾਸ਼ਾਂ ਅਧਿਆਪਕ ਦੇ ਫਰਜ਼
2.1.7 ਸਾਰ
2.1.8 ਸੁਝਾਏ ਪ੍ਰਸ਼ਨ
2.1.9 ਸੁਝਾਈਆਂ ਪੁਸਤਕਾਂ ਦੀ ਸੂਚੀ

**2.1.1 ਉਦੇਸ਼**: ਇਹ ਪਾਠ ਪੜ੍ਹਨ ਤੋ ਬਾਅਦ ਵਿਦਿਆਰਥੀ ਇਹ ਸਮਝਣ ਦੇ ਯੋਗ ਹੋਣ ਜਾਣਗੇ ਕਿ:

1) ਮਾਤ ਭਾਸ਼ਾ ਦੇ ਅਧਿਆਪਕ ਦੀ ਵਿਦਿਆਰਥੀ ਜੀਵਨ ਵਿਚ ਕੀ ਭੂਮਿਕਾ ਹੈ।
2) ਮਾਤ ਭਾਸ਼ਾ ਦੇ ਅਧਿਆਪਕ ਦੇ ਸਧਾਰਣ ਅਤੇ ਵਿਸ਼ੇਸ਼ ਗੁਣ ਕੀ ਹਨ।
3) ਮਾਤ ਭਾਸ਼ਾ ਅਧਿਆਪਕ ਦੀਆਂ ਕੀ ਯੋਗਤਾਵਾਂ ਹਨ।
4) ਮਾਤ ਭਾਸ਼ਾਂ ਅਧਿਆਪਕ ਦੇ ਫਰਜ

**2.1.2 ਜਾਣ-ਪਛਾਣ**:

ਸਾਡੇ ਵਿਦਿਅਕ ਢਾਂਚੇ ਵਿਚ ਅੱਜ ਅਧਿਆਪਕ ਦਾ ਯੋਗਦਾਨ ਇੱਕ ਸਾਧਾਰਨ ਕਰਿੰਦੇ ਵਾਲਾ ਰਹਿ ਗਿਆ ਹੈ। ਅਧਿਆਪਕ, ਸਰਕਾਰ ਦਾ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਕਿਸੇ ਮੈਨੇਜਮੈਂਟ ਦਾ ਜਾਂ ਧਨ ਕਮਾਉਣ ਲਈ ਖੋਲੇ ਗਏ ਦੁਕਾਨ ਨੁਮਾ ''ਪਬਲਿਕ ਸਕੂਲ'' ਦਾ ਮੁਲਾਜ਼ਮ ਹੈ। ਵਿਦਿਅਕ ਮਾਮਲਿਆਂ ਸੰਬੰਧੀ ਫੈਸਲੇ ਲੈਣ ਵਿਚ ਉਹ ਭਾਈਵਾਲ ਨਹੀਂ। ਉਹ ਤਾਂ ਕੀਤੇ ਗਏ ਫੈਸਲਿਆਂ ਉਪਰ ਅਮਲ ਕਰਨ ਵਾਲਾ ਇਕ ਕਰਮਚਾਰੀ ਹੈ।

ਇਸ ਪ੍ਰਸੰਗ ਵਿਚ ਇਕ ਚੰਗੇ ਪੰਜਾਬੀ ਅਧਿਆਪਕ ਦੇ ਕੀ ਗੁਣ ਹੋਣੇ ਚਾਹੀਦੇ ਹਨ? ਇਹ ਇਕ ਦਿਲਚਸਪ ਤੇ ਆਪਾ ਜਾਨਣ ਲਈ ਪ੍ਰੇਰਨਾ ਦੇਣ ਵਾਲਾ ਵਿਸ਼ਾ ਹੈ। ਇਥੇ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ - ਕਿ ਪੰਜਾਬੀ ਅਧਿਆਪਕ ਹੋਰਨਾਂ ਅਧਿਆਪਕਾਂ ਵਾਂਗ ਇਕ ਅਧਿਆਪਕ ਹੀ ਹੈ ਤੇ ਚੰਗੇ ਅਧਿਆਪਕ ਵਾਲੇ ਸਾਰੇ ਗੁਣ ਉਸ ਵਿਚ ਹੋਣੇ ਚਾਹੀਦੇ ਹਨ ਅਤੇ ਹਰ ਅਧਿਆਪਕ ਦੇ ਗੁਣ ਉਸਦੇ ਆਪਣੇ ਸ਼ਾਖਸ਼ੀ ਹੁੰਦੇ ਹਨ। ਜਿਹਨਾਂ ਬਾਰੇ ਇਥੇ ਕੁਝ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ।

ਭਾਰਤ ਦੀ ਕੌਮੀ ਵਿਦਿਆ ਨੀਤੀ (1986) ਵਿਚ ਕਿਹਾ ਗਿਆ ਹੈ ''ਅਧਿਆਪਕ ਦਾ ਦਰਜਾ ਉਸ ਸਮਾਜ ਦੀ ਸਮਾਜੀ ਸਭਿਆਚਾਰਕ ਵਿਸ਼ੇਸ਼ਤਾ ਨੂੰ ਦਰਸਾਉਂਦਾ ਹੈ ਜਿਸਦਾ ਉਹ ਇਕ ਅੰਗ ਜਾਂ ਸੱਦਸ ਹੈ। ਅਧਿਆਪਕ ਤੋਂ ਉਪਰ ਕੋਈ ਵਿਅਕਤੀ ਨਹੀਂ। ਸਰਕਾਰ ਅਤੇ ਭਾਈਚਾਰੇ ਵੱਲੋਂ ਅਜਿਹੀਆਂ ਹਾਲਤਾਂ ਪੈਦਾ ਕਰਨ ਲਈ ਜਤਨ ਕੀਤੇ ਜਾਣੇ ਚਾਹੀਦੇ ਹਨ ਜੋ, ਅਧਿਆਪਕਾਂ ਨੂੰ ਰਚਨਾਤਮਕ ਤੇ ਸਿਰਜਣਾਤਮਕ ਲੀਹਾਂ ਉਪਰ ਤੁਰਨ ਲਈ ਪ੍ਰੇਰਤ ਕਰਨ। ਅਧਿਆਪਕ ਨੂੰ ਨਵੀਆਂ ਸੰਬੰਧਤ ਸਰਗਰਮੀਆਂ ਵਿਚ ਹਿੱਸਾ ਲੈਣ ਦੀ ਆਜ਼ਾਦੀ ਹੋਵੇ।''

1947 ਤੋਂ ਅੱਜ ਤੱਕ ਅਨੇਕਾਂ ਕਮੇਟੀਆਂ ਅਤੇ ਸਿੱਖਿਆ ਕਮਸ਼ਿਨਾਂ ਨੇ ਵੀ ਅਧਿਆਪਕ ਦਾ ਮਾਨ-ਸਨਮਾਨ ਤੇ ਦਰਜਾ ਵਧਾਉਣ ਦੀਆਂ ਗੱਲਾਂ ਕੀਤੀਆਂ ਹਨ। ਪਰ ਨੇੜਿਉਂ ਦੇਖਿਆਂ ਉਪਰੋਕਤ ਨਾਲੋਂ ਵੱਖਰੀ ਕਿਸਮ ਦੀ ਤਸਵੀਰ ਨਜ਼ਰ ਆਉਂਦੀ ਹੈ। ਇਹ ਗੱਲਾਂ, ਰਿਪੋਰਟਾਂ, ਦਸਤਾਵੇਜ਼ਾਂ ਫਾਈਲਾਂ ਦਾ ਹਿੱਸਾ ਹੀ ਬਣੀਆਂ ਰਹੀਆਂ ਹਨ। ਅਮਲ ਕਿਤੇ ਟਾਵਾਂ

ਟਾਵਾਂ ਹੀ ਹੋਇਆ ਹੈ। ਇਸ ਪਿਛੋਕੜ ਵਿਚ ਪੰਜਾਬੀ ਅਧਿਆਪਕ ਨੂੰ ਆਪਣਾ ਦਰਜਾ, ਮਾਨ ਤੇ ਸਨਮਾਨ ਸਥਾਪਤ ਕਰਨ ਲਈ ਖੁਦ ਹੀ ਜੂਝਣਾ ਪੈਣਾ ਹੈ। ਪਰ ਇਸ ਜੂਝਣ ਤੋਂ ਪਹਿਲਾਂ ਉਹ ਆਪਣੇ ਅੰਦਰ ਝਾਤ ਮਾਰ ਕੇ ਵੇਖੇ ਕਿ ਉਹ ਖੁਦ ਕੀ ਹੈ? ਇਹਨਾਂ ਸੁਆਲਾਂ ਵੱਲ ਧਿਆਨ ਦੇ ਕੇ ਹੀ ਉਪਰੋਕਤ ਤਸਵੀਰ ਦਾ ਰੁੱਖ ਪਲਟਾਉਣ ਲਈ ਜਤਨ ਕਰ ਸਕਦਾ ਹੈ।

1947 ਦੀ ਭਾਰਤ ਵੰਡ ਨਾਲ ਪੰਜਾਬ ਦੀ ਧਰਤੀ ਪੰਜਾਬ ਦੇ ਵਾਸੀਆਂ, ਪੰਜਾਬੀ ਸਭਿਆਚਾਰਕ ਤੇ ਪੰਜਾਬੀ ਭਾਸ਼ਾ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ ਜਦਕਿ ਆਜ਼ਾਦੀ ਦੀ ਲੜਾਈ ਵਿਚ ਪੰਜਾਬੀਆਂ ਨੇ ਹੀ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ।

ਪਿਛਲੇ ਵਰ੍ਹਿਆਂ ਵਿਚ ਸਮੁੱਚੇ ਤੌਰ ਤੇ ਸਿੱਖਿਆ ਦੇ ਖੇਤਰ ਵਿਚ ਪ੍ਰਗਤੀ ਸੁਧਾਰ ਤੇ ਨਵੀਨਤਾ ਲਿਆਉਣ ਲਈ ਸਰਕਾਰੀ ਤੇ ਗੈਰ-ਸਰਕਾਰੀ ਪੱਧਰਾਂ ਤੇ ਜਤਨ ਕੀਤੇ ਜਾਂਦੇ ਰਹੇ ਹਨ ਪਰ ਫਿਰ ਵੀ ਪ੍ਰਾਪਤੀਆਂ ਤਸੱਲੀਬਖਸ਼ ਨਹੀਂ ਹਨ। ਭਾਵੇਂ ਪਿੰਡ ਪਿੰਡ ਸਕੂਲ ਖੁੱਲ ਗਏ ਹਨ। ਗਿਣਤੀ ਦੇ ਪੱਖੋਂ ਚੋਖਾ ਵਾਧਾ ਹੋਇਆ ਹੈ ਪਰ ਗੁਣਤਾ ਦੇ ਪੱਖੋਂ ਕੋਈ ਮੱਲ ਨਹੀਂ ਮਾਰੀ। ਪੰਜਾਬੀ ਭਾਸ਼ਾ ਦੀ ਸਿੱਖਿਆ ਜਾਂ ਪੱਧਰ ਉਚੇਰਾ ਕਰਨ ਤੇ ਪੰਜਾਬੀ ਅਧਿਆਪਕ ਦੀ ਦਸ਼ਾ ਸੁਧਾਰਨ ਲਈ ਸਾਰੇ ਹੰਭਲੇ ਆਟੇ ਵਿਚ ਲੂਣ ਤੁਲ ਹਨ।

### 2.1.3 ਮਾਤ ਭਾਸ਼ਾ ਅਧਿਆਪਕ ਦੀਆਂ ਯੋਗਤਾਵਾਂ:-

ਅਧਿਆਪਕ ਦਾ ਕਿੱਤਾ ਇਕ ਮਹੱਤਵਪੂਰਨ ਜਿੰਮੇਵਾਰੀ ਹੈ। ਇਸ ਨੂੰ ਨਿਭਾਉਣ ਲਈ ਖਾਸ ਯੋਗਤਾਵਾਂ ਦੀ ਲੋੜ ਪੈਂਦੀ ਹੈ। ਇਸ ਦਾ ਇੱਕ ਹਿੱਸਾ, ਰਸਮੀ ਸਿੱਖਿਆ ਜੋ ਅਧਿਆਪਕ ਬਣਨ ਲਈ ਜਰੂਰੀ ਹੈ। ਇਸੇ ਤਰ੍ਹਾਂ ਦੀਆਂ ਯੋਗਤਾਵਾਂ ਜੋ ਅਧਿਆਪਕ ਬਣਨ ਲਈ ਜਰੂਰੀ ਹਨ ਇਸ ਤਰ੍ਹਾਂ ਹਨ:

1) **ਸਿੱਖਿਆ ਯੋਗਤਾ:** ਪੰਜਾਬੀ ਭਾਸ਼ਾ ਦਾ ਅਧਿਆਪਕ ਬਣਨ ਲਈ ਘੱਟੋ ਘੱਟ ਸਿੱਖਿਅਕ ਯੋਗਤਾ ਬੈਚਲਰ ਡਿਗਰੀ ਦੇ ਨਾਲ ਨਾਲ ਮੈਟ੍ਰਿਕ ਪੱਧਰ ਅਤੇ ਬਾਰਵੀ ਪੱਧਰ ਤੇ ਪੰਜਾਬੀ ਭਾਸ਼ਾ ਦਾ ਗਿਆਨ ਹੋਣਾ ਚਾਹੀਦਾ ਹੈ। ਮਿਡਲ ਸਕੂਲਾਂ ਵਿਚ ਅਧਿਆਪਕ ਲਈ ਗਿਆਨੀ ਅਤੇ ਓਟੀ ਪਾਸ ਕਰਨਾ ਅਤੇ ਸਕੈਡਰੀ ਸਕੂਲਾਂ ਲਈ ਬੀ.ਐਡ. ਕੋਰਸ ਜਰੂਰੀ ਹੈ। ਦਸਵੀ ਤੋ ਉਪਰ ਦੀਆਂ ਕਲਾਸਾਂ ਲਈ ਪੰਜਾਬੀ ਵਿਚ ਮਾਸਟਰ ਡਿਗਰੀ ਪੰਜਾਬੀ ਅਧਿਆਪਨ ਲਈ ਯੋਗਤਾ ਮੰਨੀ ਜਾਂਦੀ ਹੈ।

(2) **ਗਾਈਡੈਂਸ ਅਤੇ ਕਾਉਸਲਿੰਗ:-** ਉਪਰੋਕਤ ਡਿਗਰੀਆਂ ਦੇ ਨਾਲ ਨਾਲ ਇਕ ਅਧਿਆਪਕ ਲਈ ਗਾਈਡੈਂਸ ਅਤੇ ਕਾਉਸਲਿੰਗ ਦੀ ਪੜ੍ਹਾਈ ਜਰੂਰੀ ਹੈ। ਇਸ ਲਈ ਗਾਇਡੈਂਸ ਅਤੇ ਕਾਉਸਲਿੰਗ ਦਾ ਡਿਪਲੋਪਾ ਜਾਂ ਟਰੈਨਿੰਗ ਕੋਰਸ ਦੌਰਾਨ ਇਹ ਵਿਸ਼ਾ ਪੜਨਾ ਲਾਜ਼ਮੀ ਹੈ।

(3) **ਟਰੇਨਿੰਗ:-** ਉਪਰੋਕਤ ਡਿਗਰੀਆਂ ਅਤੇ ਡਿਪਲੋਮਿਆਂ ਦੇ ਨਾਲ ਨਾਲ ਅਧਿਆਪਨ ਟਰੇਨਿੰਗ ਦੀ ਅਧਿਆਪਕ ਯੋਗਤਾ ਦਾ ਹਿੱਸਾ ਹੈ। ਅਧਿਆਪਣ ਕੋਰਸ ਵਿਚ ਕੁਝ ਸਮਾਂ ਸਕੂਲ ਵਿਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਟਰੇਨਿੰਗ ਵਿਚ ਲਾਇਆ ਜਾਣਾ ਚਾਹੀਦਾ ਹੈ।

(4) **ਯੋਗਤਾ ਟੈਸਟ:-** ਇਸ ਤੋ ਇਲਾਵਾਂ ਪੰਜਾਬੀ ਅਧਿਆਪਕ ਲਈ ਸਿੱਖਿਆਂ ਵਿਭਾਗ ਦੁਆਰਾ ਲਏ ਜਾਂਦੇ ਟੈਸਟ ਪਾਸ ਕਰਨਾ ਵੀ ਅਧਿਆਪਕ ਯੋਗਤਾ ਦਾ ਹਿੱਸਾ ਹੈ। ਇਸ ਵਿਚ ਸਟੇਟ ਅਤੇ ਰਾਸ਼ਟਰੀ ਪੱਧਰ ਦੇ ਟੈਸਟ ਸ਼ਾਮਲ ਹਨ ਜਿਵੇਂ ਟੈੱਟ, ਪੀ ਐਸ ਟੈੱਟ ਆਦਿ।

(5) **ਅਧਿਆਪਕ ਦਾ ਸਹਿਜ ਰੁਝਾਨ (ਐਪਟੀਟਿਯੂਡ):-** ਇਕ ਪੰਜਾਬੀ ਅਧਿਆਪਕ ਵਿਚ ਅਧਿਆਪਣ ਦਾ ਸਹਿਜ ਰੁਝਾਨ ਜਾਂ ਐਪਟੀਟਿਯੂਡ ਦਾ ਲੋੜੀਦਾਂ ਪੱਧਰ ਹੋਣਾ ਚਾਹੀਦਾ ਹੈ। ਇਸ ਨੂੰ ਮਾਹਿਰ ਟੈਸਟ ਦੁਆਰਾ ਪਰਖਿਆ ਜਾ ਸਕਦਾ ਹੈ।

**2.1.4 ਅਧਿਆਪਕ ਦੀ ਵਿਦਿਆਰਥੀ ਜੀਵਨ ਵਿਚ ਭੂਮਿਕਾ:** ਸਿੱਖਿਆ ਪ੍ਰਾਪਤ ਕਰਨ ਲਈ ਬੱਚੇ ਦੇ ਸਕੂਲ ਵਿਚ ਬਿਤਾਏ ਗਏ ਵਰ੍ਹੇ ਬਹੁਤ ਮਹੱਤਵ-ਪੂਰਨ ਹੁੰਦੇ ਹਨ। ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਦੂਹਰੀ ਜ਼ਿੰਮੇਵਾਰੀ ਹੁੰਦੀ ਹੈ। ਇਕ ਤਾਂ ਉਹਨਾਂ ਨੇ ਪੰਜਾਬੀ ਨੂੰ ਮਾਂ ਬੋਲੀ ਜਾਂ ਸੁਤੰਤਰ ਵਿਸ਼ੇ ਦੇ ਰੂਪ ਵਿਚ ਪੜਾਉਣਾ ਹੁੰਦਾ ਹੈ ਦੂਜੇ ਵਿਦਿਆਰਥੀਆਂ ਨੂੰ ਇਸ ਯੋਗ ਬਣਾਉਣਾ ਹੁੰਦਾ ਹੈ ਕਿ ਉਹ ਪੰਜਾਬੀ ਦੇ ਮਾਧਿਅਮ ਰਾਹੀਂ ਦੂਜੇ ਵਿਸ਼ਿਆਂ ਵਿਚ ਲੋੜੀਦੀ ਸਫਲਤਾ ਹਾਸਲ ਕਰ ਸਕਣ। ਆਮ ਤੌਰ ਤੇ ਇਹ ਜ਼ਿੰਮੇਵਾਰੀ ਸਾਡੇ ਅਧਿਆਪਕ ਹੀਂ ਨਿਭਾ ਰਹੇ।

ਵਿਦਿਅਕ ਸੰਸਥਾਵਾਂ ਵਿਚ ਅਧਿਆਪਕ ਵੱਲੋਂ ਕੀਤੇ ਹਰ ਕੰਮ, ਨਿਭਾਈ ਹਰ ਜ਼ਿੰਮੇਵਾਰੀ ਅਤੇ ਬੋਲੇ ਹਰ ਸ਼ਬਦ ਦੀ ਵਿਦਿਆਰਥੀਆਂ ਦੀ ਸਖਸ਼ੀਅਤ ਉਪਰ ਗਹਿਰੀ ਛਾਪ ਲਗਦੀ ਹੈ। ਇਕ ਅਧਿਆਪਕ ਚੰਗਾ, ਸਫਲ ਤੇ ਹਰਮਨ ਪਿਆਰਾ ਹੋਵੇ-ਇਹ ਉਸਦੀ ਕੰਮ ਕਰਨ ਦੀ ਵਿਧੀ, ਲਗਨ, ਸਖਸ਼ੀਅਤ ਅਤੇ ਵਿਵਹਾਰ ਉਪਰ ਨਿਰਭਰ ਕਰਦਾ ਹੈ।

ਰੋਜ਼ਾਨਾ ਜੀਵਨ ਵਿਚ, ਸਕੂਲਾਂ ਵਿਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਅਕਸਰ ਪੜ੍ਹਨ ਸੁਣਨ ਨੂੰ ਬੜਾ ਕੁਝ ਮਿਲਦਾ ਹੈ ਜਿਸ ਤੋਂ ਅਧਿਆਪਕ ਦੀ ਸ਼ਖਸ਼ੀਅਤ ਤੇ ਵਤੀਰੇ ਬਾਰੇ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ। ਅਧਿਆਪਕ ਬਾਰੇ ਜੋ ਮਾਣ ਮੱਤੀ ਤਸਵੀਰ ਹੈ ਉਸ ਵਿਚ ਤੇੜ ਨਹੀਂ ਆਉਣੀ ਚਾਹੀਦੀ। ਅਧਿਆਪਕ ਨੂੰ ਕੰਨੀਆਂ ਬੋਚ ਕੇ ਵਿਚਰਨ ਦੀ ਲੋੜ ਸਦਾ ਬਣੀ ਰਹਿੰਦੀ ਹੈ।

ਸਕੂਲਾਂ ਵਿਚ ਅਧਿਆਪਕ, ਮਾਸੂਮ ਵਿਦਿਆਰਥੀਆਂ ਨੂੰ ਸਹਿਜ ਸੁਭਾ ਹੀ, ਬੁੱਧੂ, ਬੇਵਕੂਫ, ਉਜੱਡ, ਆਦਿ ਕਹਿੰਦੇ ਰਹਿੰਦੇ ਹਨ ਤੇ ਉਹਨਾਂ ਨੂੰ ਕੰਨ ਫੜਾ ਕੇ ਚਪੇੜਾ, ਬੈਂਤਾਂ ਜਾਂ ਡੰਡਿਆਂ ਨਾਲ ਕਈ ਤਰ੍ਹਾਂ ਦੀ ਸਰੀਰਕ ਸਜ਼ਾਵਾਂ ਦੇ ਕੇ 'ਸੁਧਾਰਨ' ਦਾ ਜਤਨ ਕਰਦੇ ਹਨ। ਅਜਿਹੇ ਅਧਿਆਪਕਾਂ ਨੂੰ ਅਧਿਆਪਕ ਕਹਿਣਾ ਹੀ ਵੱਡਾ ਗੁਨਾਹ ਹੈ ਤੇ ਅਜਿਹਿਆਂ ਗੱਲਾਂ ਲਈ ਸਕੂਲਾਂ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ। ਅਧਿਆਪਕ ਦੀ ਭੂਮਿਕਾ ਬੱਚਿਆਂ ਨੂੰ ਪਿਆਰ ਨਾਲ ਸਮਝਾਉਣ ਦੀ ਹੈ।

ਪੰਜਾਬੀ ਅਧਿਆਪਕ ਨੇ ਕੇਵਲ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਗਿਆਨ ਹੀ ਨਹੀਂ ਦੇਣਾ ਹੁੰਦਾ ਸਗੋਂ ਵਿਦਿਆਰਥੀਆਂ ਦੀਆਂ ਸੁਹਜ ਭਾਵਨਾਵਾਂ ਦਾ ਵਿਕਾਸ ਵੀ ਕਰਨਾ ਹੁੰਦਾ ਹੈ ਅਤੇ ਉਸ ਨੂੰ ਬੋਲਣ ਤੇ ਲਿਖਣ ਦੇ ਚੱਜਾਂ ਵਿਚ ਨਿਪੁੰਨ ਬਣਾਉਣਾ ਹੁੰਦਾ ਹੈ। ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਦੇ ਸਮਰਥ ਬਨਾਉਣਾ ਹੁੰਦਾ ਹੈ। ਪੰਜਾਬੀ ਸਭਿਆਚਾਰ ਦੀ ਵਿਸ਼ੇਸ਼ਤਾ ਅਤੇ ਪੰਜਾਬੀਅਤ ਦਾ ਸੰਚਾਰ ਕਰਨਾ ਹੁੰਦਾ ਹੈ। ਅਜਿਹੇ ਸਭ ਕੁਝ ਦੀ ਆਸ ਪੰਜਾਬੀ ਭਾਸ਼ਾ ਦੇ ਮਾਹਿਰ, ਪੰਜਾਬੀ ਸਾਹਿਤ ਦੇ ਰਸੀਏ ਤੇ ਪੰਜਾਬੀ ਸਭਿਆਚਾਰ ਦੇ ਮੁਦੱਈ ਕੋਲੋਂ ਹੀ ਕੀਤੀ ਜਾ ਸਕਦੀ ਹੈ। ਉਸ ਦੀ ਕਥਨੀ ਤੇ ਕਰਨੀ ਵਿਚ ਇਕਸੁਰਤਾ ਹੋਣੀ, ਉਸਦੇ ਪੰਜਾਬੀ ਸੁਭਾ ਨੂੰ ਉਜਾਗਰ ਕਰਦੀ ਹੈ ਤੇ ਅਧਿਆਪਕਾਂ ਦੀ ਨਿਵੇਕਲੀ ਕਤਾਰ ਵਿਚ ਖੜਾ ਕਰਦੀ ਹੈ। ਇਸ ਤੋਂ ਇਲਾਵਾ ਦੂਜੇ ਸਮਾਜਕ ਵਿਗਿਆਨਾਂ, ਕੁਦਰਤੀ ਵਿਗਿਆਨਾਂ, ਦੂਜੀਆਂ ਭਾਸ਼ਾਵਾਂ ਤੇ ਉਹਨਾਂ ਭਾਸ਼ਾਵਾਂ ਦੇ ਸਾਹਿਤ ਦਾ ਵਿਸਤ੍ਰਿਤ ਅਧਿਐਨ, ਪੰਜਾਬੀ ਅਧਿਆਪਕ ਨੂੰ ਨਵੇਂ ਵਿਸ਼ਿਆਂ ਦਾ ਗਿਆਨ ਕਰਾਉਂਦਾ ਹੈ। ਉਸ ਨੂੰ ਆਪਣੀ ਸਥਿਤੀ ਦਾ ਗਿਆਨ ਕਰਾਉਂਦਾ ਹੈ ਅਤੇ ਉਹ ਕੇਵਲ ਖੂਹ ਦਾ ਡੱਡੂ ਨਹੀਂ ਰਹਿੰਦਾ। ਅੱਜ ਜਦ ਕਿ ਵਿਗਿਆਨਕ ਉੱਨਤੀ ਸਦਕਾ ਸਾਰਾ ਵਿਸ਼ਵ ਇੱਕ ਪਿੰਡ ਬਣ ਗਿਆ ਤਾਂ ਪੰਜਾਬੀ ਅਧਿਆਪਕ ਨੂੰ ਉਸ ਪਿੰਡ ਰੂਪੀ ਵਿਸ਼ਵ ਵਿੱਚ ਵਾਪਰਨ ਵਾਲੀਆਂ ਅਹਿਮ ਗੱਲਾਂ ਦਾ ਗਿਆਨ ਹੋਣਾ ਚਾਹੀਦਾ ਹੈ ਤਾਂ ਹੀ ਉਹ ਆਪਣੇ ਵਿਦਿਆਰਥੀਆਂ ਨੂੰ ਸਮੇਂ ਦੇ ਨਾਲ ਕਦਮ ਮੇਲਣ ਦੀ ਜਾਂਚ ਸਿਖਾ ਸਕੇਗਾ। ਚੰਗਾ ਹੋਵੇ ਹਰ ਪੰਜਾਬੀ ਅਧਿਆਪਕ ਗਿਆਨ ਦੇ ਖੁਲ੍ਹੇ ਅਕਾਸ਼ ਵਿਚ ਉਡਾਰੀਆਂ ਮਾਰਨ ਲਈ ਤਤਪਰ ਰਹੇ ਤੇ ਪੁਸਤਕਾਲਿਆਂ ਤੇ ਸੰਚਾਰ ਮਾਧਿਅਮਾਂ ਦੀ ਸੁੱਚਜੀ ਵਰਤੋਂ ਕਰਦਾ ਰਹੇ। ਚੰਗੀਆਂ ਪੜ੍ਹਨ ਆਦਤਾਂ ਵਾਲਾ ਅਧਿਆਪਕ ਹੀ ਵਿਦਿਆਰਥੀਆਂ ਵਿਚ ਚੰਗੀਆਂ ਪੜ੍ਹਨ ਦੀਆਂ ਆਦਤ ਵਿਕਸਿਤ ਕਰ ਸਕਦਾ ਹੈ।

ਉਂਜ ਤਾਂ ਸਕੂਲਾਂ ਵਿਚ ਸਿਖਲਾਈ ਪ੍ਰਾਪਤ ਵਿਅਕਤੀਆਂ ਨੂੰ ਹੀ ਪੰਜਾਬੀ ਅਧਿਆਪਕਾਂ ਵਜੋਂ ਨਿਯੁਕਤ ਕੀਤਾ ਜਾਂਦਾ ਹੈ। ਪਰ ਵਿਦਿਅਕ ਖੇਤਰ ਅਤੇ ਵਿਸ਼ੇਸ਼ ਕਰਕੇ ਵਿਚਾਰਧਾਰਕ, ਮਨੋਵਿਗਿਆਨਕ ਤੇ ਅਧਿਆਪਨ ਸਮੱਗਰੀ ਤੇ ਵਿਧੀਆਂ ਦੇ ਖੇਤਰਾਂ ਵਿਚ ਨਿੱਤ ਨਵੀਆਂ ਖੋਜਾਂ ਹੋ ਰਹੀਆਂ ਹਨ ਤੇ ਤਜਰਬੇ ਕੀਤੇ ਜਾ ਰਹੇ ਹਨ। ਪੰਜਾਬੀ ਅਧਿਆਪਕ ਨੂੰ ਇਹਨਾਂ ਨਾਲ ਜੁੜਿਆ ਰਹਿਣਾ ਚਾਹੀਦਾ ਹੈ। ਸਿੱਖਿਆ ਵਿਭਾਗ ਵਲੋਂ ਸੇਵਾ ਦੌਰਾਨ ਸਿੱਖਿਆ ਅਧੀਨ ਲਗਾਏ ਜਾਂਦੇ ਸੈਮੀਨਾਰਾਂ, ਵਰਕਸ਼ਾਪਾਂ ਤੇ ਕੋਰਸਾਂ ਵਿਚ ਭਾਗ ਲੈਣਾ ਅਧਿਆਪਕ ਲਈ ਬੜਾ ਲਾਹੇਵੰਦ ਹੈ। ਪਰ ਆਮ ਹੀ ਵੇਖਣ ਵਿੱਚ ਆਉਂਦਾ ਹੈ ਕਿ ਸਾਡੇ ਸਰਕਾਰੀ ਅਧਿਆਪਕ ਆਨੇ-ਬਹਾਨੇ ਸੈਮੀਨਾਰਾਂ ਅਤੇ ਵਰਕਸ਼ਾਪਾਂ ਤੋਂ ਟਲਦੇ ਰਹਿੰਦੇ ਹਨ ਜਾਂ ਫਿਰ ਸਹਿਜ ਹਾਜਰੀ ਲਗਵਾ ਕੇ ਉਥੋਂ ਖਿਸਕਣ ਦੀ ਫਿਰਾਕ ਵਿੱਚ ਰਹਿੰਦੇ ਹਨ ਜੋ ਕਿ ਸਰਾਸਰ ਗਲਤ ਹੈ। ਅੱਜ ਕੱਲ ਪੱਤਰ-ਵਿਹਾਰ ਸਿੱਖਿਆ ਰਾਹੀਂ ਵੀ ਜੂਨੀਅਰ ਅਧਿਆਪਕਾਂ ਨੂੰ ਉਚੇਰੀ ਸਿੱਖਿਆ ਦੇਣ ਦੇ ਵਸੀਲੇ ਉਪਲਬਧ ਹਨ। ਪੰਜਾਬੀ ਅਧਿਆਪਕ ਨੂੰ ਇਹਨਾਂ ਸਹੂਲਤਾਂ ਦਾ ਲਾਭ ਉਠਾ ਕੇ ਆਪਣੀ ਵਿਵਸਾਇਕ ਯੋਗਤਾ ਵਿੱਚ ਵਾਧਾ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਟੈਗੋਰ ਦੀ ਇਸ ਕਥਨੀ ਅਨੁਸਾਰ ਪੂਰਾ ਉਤਰਿਆ ਜਾ ਸਕੇ ਕਿ ''ਇਕ ਬਲਦਾ ਹੋਇਆ ਦੀਵਾ ਹੀ ਦੂਜੇ ਨੂੰ ਬਾਲ ਸਕਦਾ ਹੈ'' ਉਵੇਂ ਹੀ ਇਕ ਖੁਦ ਸਿੱਖਿਆ ਹਾਸਲ ਕਰ ਰਿਹਾ ਅਧਿਆਪਕ ਵਿਦਿਆਰਥੀਆਂ ਨੂੰ ਸਿੱਖਿਆ ਪਰਦਾਨ ਕਰ ਸਕਦਾ ਹੈ।

ਇਕ ਨੇਤਾ ਅਤੇ ਅਧਿਆਪਕ ਵਿੱਚ ਬਹੁਤ ਥੋੜਾ ਅੰਤਰ ਹੁੰਦਾ ਹੈ ਦੋਹਾਂ ਵਿਚ ਆਪਣੀ ਭੂਮਿਕਾ ਨਿਭਾਉਣਾ ਸਾਂਝਾ ਹੁੰਦਾ ਹੈ। ਇਕ ਚੰਗੇ ਅਧਿਆਪਕ ਨੇ ਚੰਗੇ ਨੇਤਾ ਦੀ ਤਰ੍ਹਾਂ ਆਪਣੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਨਾ ਹੁੰਦਾ ਹੈ। ਅਜਿਹਾ ਕਰਨ ਲਈ ਉਸ ਵਿਚ ਪਹਿਲ ਕਦਮ, ਸਾਵਧਾਨੀ ਤੇ ਵਿਦਿਆਰਥੀਆਂ ਨੂੰ ਸਮਝਣ ਦੀ ਸ਼ਕਤੀ (ਸਿੱਖਿਆ ਮਨੋਵਿਗਿਆਨ ਦਾ ਗਿਆਨ) ਦੇ ਗੁਣ ਹੋਣੇ ਚਾਹੀਦੇ ਹਨ। ਉਸ ਵਿਚ ਨਿਰਣਾ ਕਰਨ ਵਾਲੇ ਸੁੱਘੜ ਜੱਜ ਦੇ ਗੁਣ ਮੌਜੂਦ ਹੋਣ, ਕਿਉਂਕਿ ਅਧਿਆਪਕ ਦੀ ਰਾਇ ਵਿਦਿਆਰਥੀਆਂ ਲਈ ਬੜਾ ਮਹੱਤਵ ਰੱਖਦੀ ਹੈ। ਬਸ਼ਰਤੇ ਕਿ ਅਜਿਹੀ ਰਾਇ ਬਿਨਾਂ ਕਿਸੇ ਪੱਖਪਾਤ ਦੇ ਉਲਾਰ ਤੋਂ ਹੋਵੇ। ਅਜਿਹੀ ਰਾਇ ਪ੍ਰਗਟ ਕਰਨ ਵਾਲਾ ਅਧਿਆਪਕ ਦਲੇਰ ਤੇ ਦ੍ਰਿੜਤਾ ਦਾ ਮਾਲਕ ਹੋਵੇ ਗਾ ਤੇ ਵਿਦਿਆਰਥੀ ਅਜਿਹੇ ਅਧਿਆਪਕ ਦੀ ਸਭ ਤੋਂ ਵੱਧ ਕਦਰ ਕਰਦੇ ਹਨ।

2.1.5 **ਪੰਜਾਬੀ ਅਧਿਆਪਕ ਦੇ ਸਾਧਾਰਨ ਗੁਣ:** ਕਿਸੇ ਵੀ ਭਾਸ਼ਾ-ਅਧਿਆਪਕ ਵਿੱਚ, ਸਭ ਤੋਂ ਪਹਿਲਾਂ ਉਹ ਸਾਰੇ ਗੁਣ ਹੋਣੇ ਚਾਹੀਦੇ ਹਨ ਜੋ ਇਕ ਸਫਲ ਅਧਿਆਪਕ ਵਿਚ ਹੁੰਦੇ ਹਨ। ਉਨ੍ਹਾਂ ਵਿਚ ਹੇਠ ਲਿਖੇ ਗੁਣ ਆਉਂਦੇ ਹਨ :

2.1.5.1 **ਸਾਧਾਰਣ ਗੁਣ** :

1. **ਸ਼ਖਸ਼ੀਅਤ** : ਕਿਸੇ ਵਿਦਵਾਨ ਨੇ ਕਿਹਾ ਹੈ ਕਿ ਚੰਗੇ ਅਧਿਆਪਕ ਦੀ ਸਿਰਫ ਸ਼ਖਸ਼ੀਅਤ ਹੀ ਅੱਧਾ ਅਧਿਆਪਨ ਕਰ ਦਿੰਦੀ ਹੈ। ਅਧਿਆਪਕ ਦੀ ਸ਼ਖਸ਼ੀਅਤ ਦਾ ਵਿਦਿਆਰਥੀਆਂ ਉਤੇ ਪੂਰਾ ਪ੍ਰਭਾਵ ਪੈਂਦਾ ਹੈ। ਉਸ ਦੀ ਸ਼ਖਸ਼ੀਅਤ ਅਜੇਹੀ ਹੋਣੀ ਚਾਹੀਦੀ ਹੈ ਕਿ ਵਿਦਿਆਰਥੀ ਉਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਣ ਤੇ ਉਸ ਦੇ ਕੰਮਾਂ ਤੇ ਗੁਣਾਂ ਦੀ ਨਕਲ ਕਰਨ। ਸ਼ਖਸ਼ੀਅਤ ਵਿਚ ਬਾਹਰੀ ਤੇ ਅੰਦਰੂਨੀ ਦੋਵੇਂ ਪ੍ਰਕਾਰ ਦੇ ਗੁਣ ਆਉਂਦੇ ਹਨ :-
   1. ਸਰੀਰਕ ਸਿਹਤ, ਚਾਲ ਢਾਲ ਤੇ ਚੁਸਤੀ।
   2. ਮਾਨਸਿਕ ਤੇ ਬੌਧਿਕ ਦ੍ਰਿਸ਼ਟੀ ਤੋਂ ਤੇਜ ਬੁੱਧੀ, ਅਧਿਐਨ ਵੱਲ ਰੁਚੀ, ਨਿਰੀਖਣ-ਸ਼ਕਤੀ, ਹੌਂਸਲਾ, ਧੀਰਜ, ਪ੍ਰਸੰਨਤਾ ਅਤੇ ਮਾਨਸਿਕ ਸੰਤੁਲਨ।
   3. ਨੈਤਿਕ ਗੁਣ; ਚੰਗਾ ਵਿਵਹਾਰ, ਸ਼ੁੱਧ-ਆਚਰਨ, ਹਮਦਰਦੀ ਤੇ ਹੋਰ ਸਦਾਚਾਰਕ ਗੁਣ।
2. **ਸਿੱਖਿਆ ਤੇ ਉਪਾਧੀਆਂ** : ਦੂਸਰੇ ਅਧਿਆਪਕਾਂ ਦੀ ਤਰ੍ਹਾਂ, ਭਾਸ਼ਾ-ਅਧਿਆਪਕ ਨੂੰ ਵੀ ਲੋੜੀਂਦੀਆਂ ਯੋਗਤਾਵਾਂ ਅਤੇ ਯੂਨੀਵਰਸਿਟੀਆਂ ਤੋਂ ਉਪਾਧੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ।
3. **ਸਹਿਪਾਠੀ ਕ੍ਰਿਆਵਾਂ** : ਵਿਦਿਅਕ ਯੋਗਤਾ ਤੋਂ ਇਲਾਵਾ ਭਾਸ਼ਾ-ਅਧਿਆਪਕ, ਸਹਿਪਾਠੀ ਕ੍ਰਿਆਵਾਂ ਦੇ ਸੰਚਾਲਨ ਵਿੱਚ ਵੀ ਮਾਹਰ ਹੋਣਾ ਚਾਹੀਦਾ ਹੈ। ਸਾਹਿਤਕ ਸਰਗਰਮੀਆਂ ਵਿਚ ਭਾਸ਼ਾ-ਅਧਿਆਪਕ ਅਹਿਮ ਭੂਮਿਕਾ ਨਿਭਾਉਂਦੇ ਹਨ। ਸਮਾਜ ਸੇਵਾ ਦੇ ਕੰਮਾਂ ਵਿਚ, ਉਸ ਨੂੰ ਦਿਲਚਸਪੀ ਹੋਣੀ ਚਾਹੀਦੀ ਹੈ। ਉਹ ਸਹਿਪਾਠੀ-ਕ੍ਰਿਆਵਾਂ ਦੇ ਪ੍ਰਬੰਧ ਤੇ ਸੰਗਠਨ ਦੇ ਸਮਰੱਥ ਹੋਣਾ ਚਾਹੀਦਾ ਹੈ।
4. **ਸਿਖਲਾਈ** : ਦੂਸਰੇ ਵਿਸ਼ਿਆਂ ਦੇ ਅਧਿਆਪਕਾਂ ਦੀ ਤਰ੍ਹਾਂ, ਭਾਸ਼ਾ-ਅਧਿਆਪਕ ਲਈ ਵੀ ਸਿਖਲਾਈ ਜ਼ਰੂਰੀ ਹੈ। ਕੋਈ ਵੀ ਅਧਿਆਪਕ ਯੋਗ ਸਿਖਲਾਈ ਦੇ ਬਿਨਾਂ ਆਪਣਾ ਕੰਮ ਕੁਸ਼ਲਤਾ ਪੂਰਵਕ ਨਹੀਂ ਕਰ ਸਕਦਾ। ਜਾਹਨ ਲਾਕ ਅਨੁਸਾਰ ''ਜੋ ਪੜ੍ਹਾਉਣ ਦਾ ਢੰਗ ਜਾਣਦਾ ਹੈ। ਉਹੀ ਸਿੱਖਿਆ ਦਾ ਗੁਪਤ ਭੇਦ ਵੀ ਜਾਣਦਾ ਹੈ।'' ਇਹ ਭਾਸ਼ਾ ਅਧਿਆਪਕ ਲਈ ਵੀ ਪੂਰੀ ਤਰ੍ਹਾਂ ਸੱਚ ਹੈ। ਉਸਨੂੰ ਉਪਕਰਣਾਂ ਜਾਂ ਕਾਗਜ਼ ਵਰਗੇ ਨਿਰਜੀਵ ਪਦਾਰਥਾਂ ਦੇ ਨਾਲ਼-ਨਾਲ਼ ਸਜੀਵ ਤੇ ਨਾਜ਼ੁਕ ਬੱਚਿਆਂ ਤੇ ਸਮਾਜ ਦੇ ਵਿਅਕਤੀਆਂ ਨਾਲ਼ ਵੀ ਕੰਮ ਕਰਨਾ ਪੈਂਦਾ ਹੈ। ਸਿਖਲਾਈ ਉਸ ਨੂੰ ਸਿੱਖਿਆ ਦੇ ਸਿਧਾਂਤਾਂ ਤੇ ਵਿਵਹਾਰਕ ਪ੍ਰਯੋਗ ਦਾ ਗਿਆਨ ਪ੍ਰਦਾਨ ਕਰਦੀ ਹੈ।
5. **ਅਧਿਐਨ ਅਨੁਭਵ** : ਸਿਖਲਾਈ ਦੇ ਨਾਲ਼-ਨਾਲ਼ ਸਿੱਖਿਆ ਦੇ ਖੇਤਰ ਵਿੱਚ ਪੜ੍ਹਾਉਣ ਦੇ ਤਜਰਬੇ ਦੀ ਆਪਣੀ ਥਾਂ ਹੈ। ਅਧਿਐਨ ਦਾ ਆਧਾਰ ਅਨੁਭਵ ਹੈ। ਚੰਗਾ ਅਧਿਆਪਕ ਉਹ ਹੈ ਜੋ ਜਿਗਿਆਸਾ ਤੇ ਚੇਤੰਨਤਾ ਨਾਲ, ਜਨ-ਜੀਵਨ ਤੇ ਅਧਿਐਨ ਦਾ ਵੱਧ ਤੋਂ ਵੱਧ ਅਨੁਭਵ ਪ੍ਰਾਪਤ ਕਰੇ।
6. **ਬਾਲ-ਮਨੋਵਿਗਿਆਨ ਦਾ ਗਿਆਨ** : ਬਾਲ-ਮਨੋਵਿਗਿਆਨ ਦਾ ਸਿੱਖਿਆ ਦੇ ਖੇਤਰ ਵਿੱਚ ਇੱਕ ਮਹੱਤਵਪੂਰਣ ਸਥਾਨ ਹੈ। ਉਸ ਦੇ ਬੱਚੇ ਪ੍ਰਤੀ ਜਾਣਕਾਰੀ ਪ੍ਰਾਪਤ ਕਰਨ ਤੇ ਦੋਸ਼ਾਂ ਨੂੰ ਦੂਰ ਕਰਨ ਦੇ ਢੰਗ, ਮਨੋਵਿਗਿਆਨ ਤੇ ਆਧਾਰਿਤ ਹੋਣੇ ਚਾਹੀਦੇ ਹਨ। ਵਿਦਿਆਰਥੀਆਂ ਵਿਚਲੀ ਵਿਅਕਤੀਗਤ ਭਿੰਨਤਾ ਦਾ ਮੁਖ ਕਾਰਨ ਮਨੋਵਿਗਿਆਨਕ ਹੁੰਦਾ ਹੈ। ਬੱਚੇ ਦੀ ਸਿੱਖਿਆ ਬਾਲ-ਕੇਂਦਰਿਤ ਹੋਣੀ ਚਾਹੀਦੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਧਿਆਪਕ ਬੱਚੇ ਦੀਆਂ ਮਾਨਸਿਕ ਪ੍ਰਵਿਰਤੀਆਂ, ਰੁਚੀਆਂ ਤੇ ਲੋੜਾਂ ਆਦਿ ਬਾਰੇ ਜਾਨਣ, ਇਸ ਸਭ ਲਈ ਬਾਲ-ਮਨੋਵਿਗਿਆਨ ਦਾ ਗਿਆਨ ਜ਼ਰੂਰੀ ਹੈ।

2.1.5.2 **ਵਿਸ਼ੇਸ਼ ਗੁਣ** : ਪੰਜਾਬੀ ਅਧਿਆਪਕ ਦਾ ਮੁੱਖ ਕੰਮ ਪੰਜਾਬੀ ਪੜ੍ਹਾਉਣਾ ਹੈ ਅਜਿਹਾ ਕਰਦੇ ਸਮੇਂ ਉਸ ਨੂੰ ਇਕ ਪਾਸੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੇ ਭਿੰਨ-ਭਿੰਨ ਅੰਗਾਂ ਤੇ ਭੇਦਾਂ ਦਾ ਗਿਆਨ ਕਰਵਾ ਕੇ ਪੰਜਾਬੀ ਵਿਚ ਪ੍ਰਗਟਾਅ-ਸ਼ਕਤੀ ਦੀ ਯੋਗਤਾ ਪ੍ਰਦਾਨ ਕਰਨੀ ਹੁੰਦੀ ਹੈ ਅਤੇ ਦੂਸਰੇ ਪਾਸੇ ਪੰਜਾਬੀ ਭਾਸ਼ਾ ਦੇ ਮਾਧਿਅਮ ਨਾਲ ਗਿਆਨ ਪ੍ਰਾਪਤ ਕਰਨ ਤੇ ਪੰਜਾਬੀ ਸਾਹਿਤ ਨੂੰ ਮਾਨਣ ਦੇ ਯੋਗ ਬਣਾਉਣਾ ਹੁੰਦਾ ਹੈ। ਇਨ੍ਹਾਂ ਵਿਸ਼ੇਸ਼ ਕੰਮਾਂ ਦੀ ਪੂਰਤੀ ਲਈ ਉਸ ਵਿਚ ਉਪਰੋਕਤ ਸਾਧਾਰਣ ਗੁਣਾਂ ਤੋਂ ਇਲਾਵਾ ਹੇਠ ਲਿਖੇ ਭਾਸ਼ਾ ਸੰਬੰਧੀ ਵਿਸ਼ੇਸ਼ ਗੁਣ ਵੀ ਹੋਣੇ ਚਾਹੀਦੇ ਹਨ।

1. **ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮੁਦਈ** : ਪੰਜਾਬੀ ਦਾ ਅਧਿਆਪਕ ਪੰਜਾਬ, ਪੰਜਾਬੀ ਭਾਸ਼ਾ ਅਤੇ ਸਾਂਝੇ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਹੋਣ ਦੀ ਭਾਵਨਾ ਦਾ ਮੁੱਦਈ/ਸ਼ਰਧਾਲੂ ਹੋਵੇ। ਇਹ ਨਾ ਹੋਵੇ ਕਿ ਉਹ ਪੰਜਾਬੀ

ਸਭਿਆਚਾਰ ਅਤੇ ਭਾਸ਼ਾ ਨੂੰ ਨਿੰਦੀ ਜਾਵੇ। ਬਾਬੂ ਫਿਰੋਜ਼ਦੀਨ ਸ਼ਰਫ ਦੀ ਇਹ ਪੰਕਤੀ ਉਸਦਾ ਆਦਰਸ਼ ਵਾਕ ਹੋਣੀ ਚਾਹੀਦੀ ਹੈ : ਮੈਂ ਪੰਜਾਬੀ ਦਾ ਸ਼ਰਫ ਸੇਵਕ, ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ। ਤਾਂ ਹੀ ਉਹ ਵਿਦਿਆਰਥੀਆਂ ਦੇ ਮਨਾਂ ਵਿਚ ਵੀ ਪੰਜਾਬ ਪੰਜਾਬੀ ਭਾਸ਼ਾ ਤੇ ਸਭਿਆਚਾਰ ਲਈ ਪਿਆਰ ਪੈਦਾ ਕਰ ਸਕੇਗਾ।

2. **ਪੰਜਾਬੀ ਭਾਸ਼ਾ ਉੱਤੇ ਅਧਿਕਾਰ** : ਪੰਜਾਬੀ ਪੜ੍ਹਾਉਣ ਲਈ ਅਧਿਆਪਕ ਦਾ ਪੰਜਾਬੀ ਭਾਸ਼ਾ ਉੱਤੇ ਅਧਿਕਾਰ ਹੋਣਾ ਜ਼ਰੂਰੀ ਹੈ। ਅਧਿਆਪਕ ਦਾ ਆਪਣਾ ਉਚਾਰਣ ਸ਼ੁੱਧ ਤੇ ਬੋਲਚਾਲ ਵਿਚ ਪ੍ਰਵਾਹ ਹੋਣਾ ਚਾਹੀਦਾ ਹੈ। ਪੰਜਾਬੀ ਭਾਸ਼ਾ ਦੇ ਨਿਕਾਸ ਤੇ ਵਿਕਾਸ ਬਾਰੇ ਗਿਆਨ ਹੋਣਾ ਚਾਹੀਦਾ ਹੈ। ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਤੇ ਵਿਆਕਰਣ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਉਹ ਪੰਜਾਬੀ ਭਾਸ਼ਾ ਦੇ ਬੋਲਣ, ਪੜ੍ਹਨ ਤੇ ਲਿਖਣ ਵਿਚ ਮਾਹਰ ਹੋਣਾ ਚਾਹੀਦਾ ਹੈ।
3. **ਪੰਜਾਬੀ ਸਹਿਤ ਦਾ ਗਿਆਨ** : ਪੰਜਾਬੀ ਦਾ ਆਪਣਾ ਇੱਕ ਸੁੰਦਰ ਤੇ ਪਾਇਦਾਰ ਸਾਹਿਤ ਹੈ। ਪੰਜਾਬੀ ਭਾਸ਼ਾ ਪੜ੍ਹਾਉਂਦੇ ਸਮੇਂ ਅਧਿਆਪਕ ਨੂੰ ਪੰਜਾਬੀ ਸਾਹਿਤ ਵੀ ਪੜਾਉਣਾ ਹੁੰਦਾ ਹੈ। ਇਸ ਲਈ ਉਸ ਨੂੰ ਪੰਜਾਬੀ ਸਾਹਿਤ ਦਾ ਗਿਆਨ ਹੋਣਾ ਚਾਹੀਦਾ ਹੈ। ਉਸ ਨੂੰ ਪੰਜਾਬੀ ਸਾਹਿਤ ਦੀਆਂ ਭਿੰਨ ਭਿੰਨ ਪ੍ਰਵਿਰਤੀਆਂ, ਕਵੀਆਂ ਤੇ ਗੱਦਕਾਰਾਂ ਦੀਆਂ ਜੀਵਨੀਆਂ ਤੇ ਉਨ੍ਹਾਂ ਦੀਆਂ ਰਚਨਾਵਾਂ, ਸ਼ੈਲੀਆਂ ਆਦਿ ਦੀ ਪੂਰੀ ਜਾਣ-ਪਛਾਣ ਹੋਣੀ ਚਾਹੀਦੀ ਹੈ।
4. **ਪੰਜਾਬੀ ਸਭਿਆਚਾਰ ਦਾ ਗਿਆਨ** : ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਦੇ ਗਿਆਨ ਉਪਰੰਤ ਪੰਜਾਬੀ ਅਧਿਆਪਕ ਨੂੰ ਪੰਜਾਬੀ ਸਭਿਆਚਾਰ ਬਾਰੇ ਵੀ ਪੂਰਾ-ਪੂਰਾ ਗਿਆਨ ਹੋਣਾ ਚਾਹੀਦਾ ਹੈ। ਉਸ ਨੂੰ ਪੰਜਾਬੀ ਲੋਕਾਂ ਦੀ ਰਹਿਣੀ-ਬਹਿਣੀ, ਆਦਤਾਂ ਰਸਮੋਂ-ਰਿਵਾਜ਼ ਤੇ ਪ੍ਰਭਾਵਾਂ ਆਦਿ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਜਾਣਕਾਰੀ ਦੇ ਆਧਾਰ ਉੱਤੇ ਹੀ ਉਹ ਪੰਜਾਬੀ ਭਾਸ਼ਾ ਨੂੰ ਇੱਥੋਂ ਦੇ ਜੀਵਨ ਤੇ ਵਾਤਾਵਰਣ ਨਾਲ ਜੋੜ ਕੇ ਇਸ ਦੀ ਯੋਗ ਤੇ ਸਹੀ ਸਿੱਖਿਆ ਪ੍ਰਦਾਨ ਕਰ ਸਕਦਾ ਹੈ।
5. **ਸਿੱਖਿਆ-ਵਿਧੀਆਂ ਦਾ ਗਿਆਨ** : ਪੰਜਾਬੀ ਸਿੱਖਿਆ ਨੂੰ ਕੁਸ਼ਲ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਪੰਜਾਬੀ ਅਧਿਆਪਕ ਨੂੰ ਭਿੰਨ-ਭਿੰਨ ਵਿਧੀਆਂ ਦੇ ਪ੍ਰਯੋਗ ਦੀ ਲੋੜ ਪੈਂਦੀ ਹੈ। ਉਸ ਨੂੰ ਪਤਾ ਹੋਣਾ ਚਾਹੀਦਾ ਹੇ ਕਿ ਕਿਸ ਪਾਠ ਜਾਂ ਸਾਹਿਤ ਰੂਪ ਦੇ ਪੜ੍ਹਾਉਣ ਲਈ ਕਿਹੜੀ ਵਿਧੀ ਉਪਯੋਗੀ ਹੋਵੇਗੀ। ਭਾਸ਼ਾ ਦੇ ਖੇਤਰ ਵਿੱਚ ਹੋ ਰਹੀਆਂ ਨਿੱਤ ਨਵੀਆਂ ਖੋਜਾਂ ਤੇ ਤਕਨੀਕਾਂ ਬਾਰੇ ਉਸ ਨੂੰ ਗਿਆਨ ਹੋਣਾ ਚਾਹੀਦਾ ਹੈ।
6. **ਸਾਹਿਤਕ ਰੁਚੀ ਤੇ ਪ੍ਰਗਟਾਅ** : ਰੁਚੀ ਤੇ ਯੋਗਤਾ ਇਕੋ ਸਿੱਕੇ ਦੇ ਦੋ ਪਾਸੇ ਹਨ। ਇਸ ਲਈ ਚੰਗਾ ਪੰਜਾਬੀ ਅਧਿਆਪਕ ਉਹੀ ਬਣ ਸਕਦਾ ਹੈ ਜੋ ਸਾਹਿਤਕ ਰੁਚੀਆਂ ਰੱਖਦਾ ਹੋਵੇ। ਸਕੂਲ ਵਿਚ ਬਾਲ-ਸਭਾ, ਕਵੀ-ਦਰਬਾਰ, ਨਾਟਕ ਆਦਿ ਸਾਹਿਤਕ ਕ੍ਰਿਆਵਾਂ ਵਿਚ ਸਾਹਿਤ ਪ੍ਰੇਮੀ ਅਧਿਆਪਕ ਹੀ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ।

ਇਸ ਪ੍ਰਕਾਰ ਪੰਜਾਬੀ ਅਧਿਆਪਨ ਪ੍ਰਤੀ ਪੂਰਨ ਵਿਸਵਾਸ਼ ਤੇ ਲਗਨ ਪੰਜਾਬੀ ਅਧਿਆਪਕ ਦੇ ਪ੍ਰਮੁੱਖ ਗੁਣ ਹਨ। ਬਾਕੀ ਸਾਰੇ ਗੁਣ ਇਨ੍ਹਾਂ ਉਪਰ ਹੀ ਆਧਾਰਿਤ ਹਨ।

2.1.6. **ਪੰਜਾਬੀ ਅਧਿਆਪਕ ਦੇ ਫਰਜ਼** : ਇਕ ਚੰਗੇ ਪੰਜਾਬੀ ਅਧਿਆਪਕ ਨੂੰ ਹੇਠ ਲਿਖੇ ਫਰਜ਼ ਤੇ ਜ਼ੁੰਮੇਵਾਰੀਆਂ ਵੀ ਨਿਭਾਉਣੀਆਂ ਚਾਹੀਦੀਆਂ ਹਨ :

1. ਪੜ੍ਹਾਉਣ ਤੋਂ ਪਹਿਲਾਂ ਵਿਸ਼ੇ-ਵਸਤੂ ਨੂੰ ਪੂਰੀ ਤਰ੍ਹਾ ਤਿਆਰ ਕਰਨਾ।
2. ਅਧਿਆਪਨ-ਕਾਰਜ ਦੀ ਯੋਜਨਾ ਬਨਾਉਣਾ।
3. ਸ਼੍ਰੇਣੀ ਵਿਚ ਠੀਕ ਵਿਧੀ ਤੇ ਰੂਪ ਵਿਚ ਪੜ੍ਹਾਉਣਾ।
4. ਵਿਦਿਆਰਥੀ ਵਿਚ ਪੰਜਾਬੀ ਭਾਸ਼ਾ, ਪੰਜਾਬੀ ਸਭਿਆਚਾਰ ਅਤੇ ਪੰਜਾਬੀਅਤ ਪ੍ਰਤੀ ਪ੍ਰੇਮ ਉਤਪੰਨ ਕਰਨਾ।
5. ਦੇਖਣ-ਸੁਣਨ ਦੇ ਸਾਧਨਾਂ ਦੀ ਠੀਕ ਵਰਤੋਂ ਕਰਨੀ।
6. ਵਿਦਿਆਰਥੀਆਂ ਦੇ ਘਰ ਦੇ ਕੰਮ ਤੇ ਸ਼੍ਰੇਣੀ ਦੇ ਕੰਮ ਦੀ ਨਿਰੰਤਰ ਸੁਧਾਈ ਕਰਨਾ।
7. ਪੰਜਾਬੀ ਉਚਾਰਣ, ਲਿਖਾਈ, ਸ਼ਬਦ-ਜੋੜ, ਕਵਿਤਾ-ਪਾਠ ਤੇ ਵਿਆਕਰਣ ਦੀਆਂ ਗਲਤੀਆਂ ਦੂਰ ਕਰਕੇ ਅਭਿਆਸ ਕਰਾਉਣਾ।
8. ਹਰੇਕ ਵਿਦਿਆਰਥੀ ਵੱਲ ਵਿਅਕਤੀਗਤ ਧਿਆਨ ਦੇਣਾ।
9. ਵਾਦ-ਵਿਵਾਦ, ਬਾਲ-ਸਭਾ, ਭਾਸ਼ਣਾ ਦੇ ਹੋਰ ਸਹਿਪਾਠੀ ਕ੍ਰਿਆਵਾਂ ਦਾ ਪ੍ਰਬੰਧ ਕਰਨ।

10. ਸਮੇਂ ਸਮੇਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੀ ਜਾਂਚ ਕਰਨਾਂ ਤੇ ਮੁਲਾਂਕਣ ਦੇ ਆਧਾਰ ਤੇ ਉਨ੍ਹਾਂ ਦਾ ਰਿਕਾਰਡ ਰੱਖਣਾ।

ਉਪਰ ਵਿਚਾਰੀਆਂ ਇਹਨਾਂ ਗੱਲਾਂ ਤੋਂ ਇਲਾਵਾ ਕੁਝ ਨੁਕਤੇ ਵਿਸ਼ੇਸ਼ ਤੌਰ ਤੇ ਪੰਜਾਬੀ ਅਧਿਆਪਕ ਦੇ ਸੁਭਾਅ ਵਿਚ ਹੋਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ।

- ਪੰਜਾਬੀ ਅਧਿਆਪਕ ਵਿਚ ਕਦੀ ਵੀ ਹੀਣਤਾ ਭਾਵ ਨਹੀਂ ਆਉਣਾ ਚਾਹੀਦਾ ਅਤੇ ਉਸ ਦੇ ਸੰਬੰਧ ਆਪਣੇ ਸਾਥੀਆਂ ਤੇ ਮੁਖੀਆਂ ਨਾਲ ਉਸਾਰੂ ਤੇ ਸੁਖਾਵੇਂ ਹੋਣੇ ਚਾਹੀਦੇ ਹਨ।
- ਪੰਜਾਬੀ ਅਧਿਆਪਕ ਨੂੰ ਸਮਾਜ ਵਿਚ ਆਪਣਾ ਰੁਤਬਾ ਬਰਕਰਾਰ ਰੱਖਣਾ ਚਾਹੀਦਾ ਹੈ। ਇਸ ਕੰਮ ਲਈ ਉਸ ਨੂੰ ਸਮਾਜ ਤੇ ਭਾਈਚਾਰੇ ਨਾਲ ਨਿੱਜੀ ਸਾਂਝ ਬਣਾ ਕੇ ਰੱਖਣੀ ਚਾਹੀਦੀ ਹੈ।
- ਵਿਦਿਅਕ ਮਾਹਰਾਂ ਤੇ ਅਧਿਕਾਰੀਆਂ ਨਾਲ ਸੁਚੱਜਾ ਤਾਲਮੇਲ ਰੱਖਣਾ ਚਾਹੀਦਾ ਹੈ।
- ਪੰਜਾਬੀ ਅਧਿਆਪਕ ਜਿਨਾਂ ਖੁਦ ਅਨੁਸਾਸ਼ਨ ਵਿਚ ਰਹੇਗਾ ਉਨ੍ਹਾਂ ਹੀ ਉਸਦੇ ਵਿਦਿਆਰਥੀ ਅਨੁਸਾਸ਼ਨ ਦੀ ਕਦਰ ਕਰਨ ਵਾਲੇ ਹੋਣਗੇ।
- ਪੰਜਾਬੀ ਅਧਿਆਪਕ ਸਿਰਜਨਾਤਮਕ ਰੁਚੀਆਂ ਦਾ ਮਾਲਕ ਹੋਣਾ ਚਾਹੀਦਾ ਹੈ।
- ਪੰਜਾਬੀ ਅਧਿਆਪਕ ਇੱਕ ਚੰਗਾ ਬੁਲਾਰਾ ਹੋਵੇ ਤੇ ਉਸਦਾ ਉਚਾਰਨ ਸ਼ੁੱਧ ਹੋਵੇ। ਉਹ ਟਕਸਾਲੀ ਭਾਸ਼ਾ ਦੀ ਵਰਤੋਂ ਕਰੇ ਤੇ ਆਪਣੇ ਸ਼ਬਦ-ਭੰਡਾਰ ਵਿੱਚ ਆਏ ਦਿਨ ਵਾਧਾ ਕਰਨ ਲਈ ਯਤਨਸ਼ੀਲ ਰਹੇ।
- ਸਮੇਂ-ਸਮੇਂ ਦੇ ਬੋਰਡ ਵਲੋਂ ਲਗਾਏ ਜਾ ਰਹੇ ਸੈਮੀਨਾਰਾਂ ਅਤੇ ਵਰਕਸਾਪ ਵਿਚ ਹਿੱਸਾ ਲਵੇ।

### 2.1.7 **ਸਾਰ**

ਚੰਗਾ ਸਮਾਜ ਸਿਰਜਣ ਲਈ ਚੰਗੇ ਅਧਿਆਪਕਾਂ ਦਾ ਹੋਣਾ ਬਹੁਤ ਜਰੂਰੀ ਹੈ। ਜਿਸ ਦੇਸ਼ ਵਿਚ ਅਧਿਆਪਕ ਦਾ ਆਦਰ ਸਤਿਕਾਰ ਹੋਵੇਗਾ ਉਹੀ ਦੇਸ਼ ਤਰੱਕੀ ਕਰੇਗਾਂ। ਇਸ ਲਈ ਅਧਿਆਪਕ ਦੇ ਵਿਚ ਬਹੁਤ ਗੁਣ ਹੋਣੇ ਚਾਹੀਦੇ ਹਨ ਜਿਵੇਂ ਸਮੇਂ ਦਾ ਪਾਬੰਦ, ਡਿਗਰੀਆਂ ਅਤੇ ਵਾਧੂ ਉਪਾਧੀਆਂ ਪ੍ਰਾਪਤ ਕਰਨ ਵਾਲਾ, ਬੱਚਿਆਂ ਦੀ ਵਿਅਕਤੀਗਤ ਭਿੰਨਤਾ ਸਮਝਣ ਵਾਲਾ, ਬਾਲ ਮਨੋਵਿਗਿਆਨ ਦਾ ਜਾਣੂ ਆਦਿ, ਮਾਤ ਭਾਸ਼ਾਂ ਦੇ ਅਧਿਆਪਕ ਉਪਰ ਜਿੰਮੇਵਾਰੀ ਹੋਰ ਵੀ ਵਧ ਹੈ ਕਿਉਂਕਿ ਉਸ ਸਮੇਂ ਬੱਚਿਆਂ ਨੂੰ ਭਾਸਾਂ ਦੇ ਸਾਰੇ ਅੰਗਾਂ ਬਾਰੇ ਜਾਣਕਾਰੀ ਦੇਣੀ ਹੁੰਦੀ ਹੈ। ਬੱਚਿਆਂ ਅੰਦਰ ਚਾਰੇ ਕੌਸ਼ਲ ਸੁਨਣ, ਬੋਲਣਾ, ਪੜਣ ਅਤੇ ਲਿਖਣ ਦਾ ਵਾਧਾ ਕਰਨਾ ਹੁੰਦਾ ਹੈ। ਜੇਕਰ ਬੱਚਾ ਭਾਸ਼ਾ ਵਿਚ ਨਿਪੁੰਨ ਹੋ ਜਾਵੇਗਾ ਤਾਂ ਉਹ ਹੋਰ ਸਾਰੇ ਵਿਸ਼ਿਆਂ ਨੂੰ ਵੀ ਸਮਝਣ ਵਿਚ ਨਿਪੁੰਨ ਹੋ ਜਾਵੇਗਾ। ਮਾਤ ਭਾਸਾ ਦੇ ਅਧਿਆਪਕ ਪੰਜਾਬੀ ਦਾ ਅਧਿਆਪਕ ਹੋਣ ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਉਹ ਸਿਰਜਨਾਤਮਕ ਰੁਚੀਆਂ ਰੱਖਣ ਵਾਲਾ ਤੇ ਭਾਈਚਾਰੇ ਨਾਲ ਨਿਜੀ ਸਾਂਝ ਬਣਾ ਕੇ ਰੱਖਣ ਵਾਲਾ, ਪੜ੍ਹਾਉਣ ਨੂੰ ਪਿਆਰ ਕਰਨ ਵਾਲਾ ਹੋਣਾ ਚਾਹੀਦਾ ਹੈ। ਉਸ ਨੂੰ ਆਪਣੇ ਫਰਜ ਵੀ ਯਾਦ ਹੋਣੇ ਚਾਹੀਦੇ ਹਨ।

### 2.1.8 **ਸੁਝਾਏ ਪ੍ਰਸ਼ਨ**

(1) ਇਕ ਚੰਗੇ ਪੰਜਾਬੀ ਅਧਿਆਪਕ ਦੀ ਸ਼ਖਸ਼ੀਅਤ ਕਿਹੋ ਜਿਹੀ ਹੋਵੇ ?

(2) ਇਕ ਚੰਗੇ ਪੰਜਾਬੀ ਅਧਿਆਪਕ ਦੀ ਵਿਦਿਅਕ ਯੋਗਤਾ ਕੀ ਹੋਣੀ ਚਾਹੀਦੀ ਹੈ ?

(3) ਇਕ ਚੰਗੇ ਪੰਜਾਬੀ ਅਧਿਆਪਕ ਵਿਚੱ ਕਿਹੜੇ-2 ਗੁਣ ਹੋਣੇ ਚਾਹੀਦੇ ਹਨ।

### 2.1.9 **ਸੁਝਾਈਆਂ ਪੁਸਤਕਾਂ ਦੀ ਸੂਚੀ**


(1) ਮਾਤਭਾਸ਼ਾ ਦੀ ਸਿੱਖਿਆ ਵਿਧੀ : ਡਾ. ਜਸਵੰਤ ਸਿੰਘ ਜਸ

(2) The Technique of Language : F. Billows

(3) ਆਧੁਨਿਕ ਅਧਿਆਪਨ ਅਭਿਆਸ ਅਤੇ ਤਕਨੀਕ : ਜੇ. ਐਚ. ਪੈਟਸਨ

ਪਾਠ ਨੰ: 2.2 ਲੇਖਿਕਾ : ਡਾ. ਮਨਜੀਤ ਕੌਰ

## ਮਾਤ ਭਾਸ਼ਾ ਸਿੱਖਿਆ ਵਿੱਚ ਦਰਿਸ਼ਟੀ ਸਰੋਤ ਸਹਾਇਕ ਸਾਧਨ

2.2.0 ਪਾਠ ਦੀ ਬਣਤਰ

2.2.1 ਉਦੇਸ਼

2.2.2 ਜਾਣ ਪਛਾਣ

2.2.3 ਦ੍ਰਿਸ਼ਟੀ ਸ੍ਰੋਤ ਸਹਾਇਕ ਸਾਧਨਾ ਦੀ ਕਿਸਮਾਂ ਅਤੇ ਮਹੱਤਵ।

2.2.4 ਦ੍ਰਿਸ਼ਟੀ ਸ੍ਰੋਤ ਸਹਾਇਕ ਸਾਧਨਾਂ ਦੀ ਉਪਯੋਗੀ ਵਰਤੋ।

2.2.5 ਸਾਰ

2.2.6 ਸੁਝਾਏ ਪ੍ਰਸ਼ਨ

2.2.7 ਸੁਝਾਈ ਪੁਸਤਕ ਸੂਚੀ

**2.2.1 ਉਦੇਸ਼: ਇਹ ਪਾਠ ਪੜ੍ਹਨ ਤੋ ਬਾਅਦ ਵਿਦਿਆਰਥੀ ਸਮਝ ਸਕਣਗੇ ਕਿ:**

1) ਦ੍ਰਿਸ਼ਟੀ ਸ੍ਰੋਤ ਸਹਾਇਕ ਸਾਧਨ ਕੀ ਹੁੰਦੇ ਹਨ।

2) ਦ੍ਰਿਸ਼ਟੀ ਸ੍ਰੋਤ ਸਹਾਇਕ ਸਾਧਨਾਂ ਦੀ ਕੀ ਮਹੱਤਤਾ ਹੈ।

3) ਦਿਸਟੀ ਸ੍ਰੋਤ ਸਹਾਇਕ ਸਾਧਨਾ ਦੀ ਉਪਯੋਗੀ ਵਰਤੋ ਂ ਕਿਵੇ ਕੀਤੀ ਜਾ ਸਕਦੀ ਹੈ।

ਅੱਜ ਦੇ ਯੁੱਗ ਵਿਚ ਸਿੱਖਿਆ ਦਾ ਮੁੱਖ ਉਦੇਸ਼ ਬੱਚੇ ਦਾ ਸਰਵਪੱਖੀ ਵਿਕਾਸ ਕਰਨਾ ਹੈ। ਸਿੱਖਿਆ ਦੁਆਰਾ ਬੱਚੇ ਦੇ ਬੌਧਿਕ, ਨੈਤਿਕ ਤੇ ਮਾਨਸਿਕ ਪੱਧਰ ਨੂੰ ਚੁਕਿਆ ਜਾਂਦਾ ਹੈ। ਇਸ ਮਨੋਰਥ ਦੀ ਪੂਰਤੀ ਲਈ ਵੱਖਰੇ ਵੱਖਰੇ ਤਰੀਕੇ ਜਾਂ ਵਿਧੀਆਂ ਲੱਭੀਆਂ ਗਈਆਂ ਹਨ। ਵੱਖਰੇ ਵੱਖਰੇ ਸਾਧਨਾਂ ਦੀ ਖੋਜ ਕੀਤੀ ਗਈ ਹੈ ਤਾਂ ਕਿ ਸਿੱਖਿਆ ਨੂੰ ਮਨੋਰੰਜਕ ਸਰਲ ਤੇ ਸਪੱਸ਼ਟ ਬਣਾ ਕੇ ਬੱਚੇ ਦਾ ਸਰਵ-ਪੱਖੀ ਵਿਕਾਸ ਕੀਤਾ ਜਾ ਸਕੇ। ਪੁਰਾਣੇ ਸਮੇਂ ਵਿਚ ਸਿੱਖਿਆ ਦਾ ਉਦੇਸ਼ ਕੇਵਲ ਗਿਆਨ ਪ੍ਰਾਪਤ ਹੀ ਸੀ। ਇਸ ਮਨੋਰਥ ਦੀ ਪੂਰਤੀ ਲਈ ਅਧਿਆਪਕ ਬੱਚਿਆਂ ਨੂੰ ਜਮਾਤ ਦੇ ਕਮਰੇ ਵਿਚ ਲੈਕਚਰ ਵਿਧੀ ਨਾਲ ਪੜ੍ਹਾਉਂਦੇ ਸਨ। ਪਰੰਤੂ ਅੱਜ ਕੱਲ ਕਈ ਤਰ੍ਹਾਂ ਦੇ ਦੇਖਣ ਸੁਣਨ ਦੇ ਸਾਧਨਾਂ ਦੀ ਵਰਤੋਂ ਕਰਕੇ ਸਿੱਖਿਆ ਨੂੰ ਜ਼ਿਆਦਾ ਸਾਰਥਕ ਬਣਾਇਆ ਗਿਆ ਹੈ।

**2.2.2 ਜਾਣ ਪਛਾਣ:**

ਗਿਆਨ ਦੀ ਪ੍ਰਾਪਤੀ ਲਈ ਕੁਦਰਤ ਨੇ ਮਨੁੱਖ ਨੂੰ ਗਿਆਨ ਇੰਦਰੀਆਂ ਦਿੱਤੀਆਂ ਹਨ, ਜਿਨ੍ਹਾਂ ਰਾਹੀਂ ਮਨੁੱਖ ਵੇਖ ਕੇ, ਸੁਣ ਕੇ, ਸੁੰਘ ਕੇ, ਟੋਹ ਕੇ ਜਾਂ ਸਪਰਸ਼ ਕਰਕੇ ਗਿਆਨ ਪ੍ਰਾਪਤ ਕਰਦਾ ਹੈ। ਵਿਅਕਤੀਗਤ ਭਿੰਨਤਾ ਦੇ ਨੇਮ ਅਨੁਸਾਰ ਗਿਆਨ ਪ੍ਰਾਪਤੀ ਦੇ ਇਹ ਸਾਧਨ ਵੱਧ ਜਾਂ ਘੱਟ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਕੋਈ ਵਿਅਕਤੀ ਅੱਖਾਂ ਰਾਹੀਂ ਬਹੁਤਾ ਗਿਆਨ ਪ੍ਰਾਪਤ ਕਰਦਾ ਹੈ, ਕੋਈ ਕੰਨਾ ਰਾਹੀਂ ਤੇ ਕੋਈ ਹੱਥਾਂ ਦੇ ਸਪਰਸ਼ ਰਾਹੀਂ। ਗਿਆਨ ਪ੍ਰਾਪਤੀ ਦੇ ਇਹਨਾਂ ਸਾਧਨਾਂ ਵਿਚੋਂ ਅੱਖਾਂ ਅਤੇ ਕੰਨਾ ਦੀ ਵਰਤੋਂ ਵਧੇਰੇ ਹੁੰਦੀ ਹੈ। ਸਿੱਖਿਆ ਦੇ ਖੇਤਰ ਵਿਚ ਕੁਝ ਅਜਿਹੇ ਸਾਧਨਾਂ ਦੀ ਸਿਫਾਰਿਸ਼ ਕੀਤੀ ਗਈ ਹੈ। ਜਿਹਨਾਂ ਨਾਲ ਬੱਚਿਆਂ ਲਈ ਨਾ ਕੇਵਲ ਗਿਆਨ ਪ੍ਰਾਪਤ ਕਰਨਾ ਹੀ ਸੌਖਾ ਹੋ ਜਾਂਦਾ ਸਗੋਂ ਪ੍ਰਾਪਤ ਕੀਤਾ ਗਿਆ ਗਿਆਨ ਪੱਕਾ ਵੀ ਹੋ ਜਾਂਦਾ ਹੈ। ਵਿਦਿਆਰਥੀ ਹਿੱਤਾਂ ਨੂੰ ਮੁੱਖ ਰੱਖ ਕੇ ਸਿੱਸ਼ਖਆ ਪ੍ਰੋਗਰਾਮ ਨੂੰ ਵਧੇਰੇ ਸਫਲ ਬਣਾਉਣ ਲਈ ਵਰਤੋਂ ਵਿਚ ਲਿਆਂਦੇ ਗਏ ਵੇਖਯਣ ਅਤੇ ਸੁਣਨ ਵਾਲੇ ਸਾਧਨਾਂ ਨੂੰ ਦਰਿਸ਼ਟੀ

ਸਰੋਤ ਸਹਾਇਕ ਸਾਧਨ ਕਿਹਾ ਜਾਂਦਾ ਹੈ।

ਸਹਾਇਕ ਸਮੱਗਰੀ ਦੀ ਵਰਤੋਂ ਨਾਲ ਬੱਚੇ ਪਾਠ ਵਿਚ ਦਿਲਚਸਪੀ ਲੈਣ ਲਗ ਪੈਂਦੇ ਹਨ। ਜਮਾਤ ਦੇ ਕਮਰੇ ਦਾ ਸਾਰਾ ਵਾਤਾਵਰਣ ਬਦਲ ਜਾਂਦਾ ਹੈ। ਤਸਵੀਰਾਂ ਮਾਡਲਾਂ ਅਤੇ ਚਾਰਟ ਨਾਲ ਸੂਖਮ ਵਿਸ਼ੇ ਸਮਝਾਉਣੇ ਸੌਖੇ ਹੋ ਜਾਂਦੇ ਹਨ।

ਸਹਾਇਕ ਸਮੱਗਰੀ ਕਿਸੇ ਵੀ ਬੋਲੇ ਗਏ ਅਤੇ ਲਿਖੇ ਗਏ ਵਿਸ਼ੇ ਨੂੰ ਸਪੱਸ਼ਟ ਕਰਨ ਵਿਚ ਸਹਾਈ ਹੁੰਦੀ ਹੈ। ਵਿਸ਼ੇਸ਼ ਕਰਕੇ ਬੱਚਿਆਂ ਨੂੰ ਪੜ੍ਹਾਉਣ ਸਮੇਂ ਇਸ ਦੀ ਵਰਤੋਂ ਬੜੀ ਲਾਭਦਾਇਕ ਰਹਿੰਦੀ ਹੈ। ਜੇ ਸਿਆਣਾ ਅਧਿਆਪਕ ਔਖੀ ਵਸਤੂ ਨੂੰ ਤਸਵੀਰਾਂ ਜਾਂ ਚਾਰਟਾਂ ਦੀ ਮਦਦ ਨਾਲ ਸਮਝਾਉਣ ਦਾ ਯਤਨ ਕਰੇ ਤਾਂ ਸਫਲਤਾ ਯਕੀਨੀ ਹੈ। ਬੇਸ਼ੱਕ ਪ੍ਰਤੱਖ ਅਨੁਭਵਾਂ ਰਾਹੀਂ ਸੰਪੂਰਨ ਸਿੱਖਿਆ ਨਹੀਂ ਦਿੱਤੀ ਜਾ ਸਕਦੀ। ਦੂਰ ਦੀਆਂ ਥਾਵਾਂ ਦੀ ਜਾਣਕਾਰੀ, ਸਿਤਾਰਿਆਂ ਅਤੇ ਗ੍ਰਹਿਆਂ ਦੀ ਜਾਣਕਾਰੀ, ਭੂਤਕਾਲ ਦੀਆਂ ਘਟਨਾਵਾਂ ਆਦਿ ਅਜਿਹੀਆਂ ਅਨੇਕਾਂ ਗੱਲਾਂ ਬਾਰੇ ਪ੍ਰਤੱਖ ਅਨੁਭਵਾਂ ਰਾਹੀਂ ਗਿਆਨ ਨਹੀਂ ਦਿੱਤਾ ਜਾ ਸਕਦਾ ਅਜਿਹੀਆਂ ਹਾਲਤਾਂ ਵਿਚ ਦੇਖਣ ਸੁਣਨ ਦੇ ਸਾਧਨ ਸਾਡੀ ਸਹਾਇਤਾ ਕਰਦੇ ਹਨ, ਜਿਹਨਾਂ ਰਾਹੀਂ ਸਾਡੇ ਅਨੁਭਵਾਂ ਵਿਚ ਪਕਿਆਈ ਆਉਂਦੀ ਹੈ।

### 2.2.3 ਦ੍ਰਿਸ਼ਟੀ ਸਰੋਤ ਸਹਾਇਕ ਸਾਧਨਾ ਦੀਆਂ ਕਿਸਮਾਂ ਤੇ ਮਹੱਤਵ:

ਬੋਲੀ ਸਿੱਖਿਆ ਲਈ ਵਰਤੋਂ ਵਿਚ ਆਉਣ ਵਾਲੇ ਕੁਝ ਦਰਿਸ਼ਟੀ ਸ੍ਰੋਤ ਸਹਾਇਕ ਸਾਧਨ ਹੇਠ ਲਿਖੇ ਹਨ।

#### (ੳ) ਬਲੈਕ ਬੋਰਡ

ਬਲੈਕ ਬੋਰਡ ਸਭ ਨਾਲੋਂ ਸਸਤਾ ਅਤੇ ਸਭ ਤੋਂ ਵੱਧ ਵਰਤੋਂ ਵਿਚ ਆਉਣ ਵਾਲਾ ਸਹਾਇਕ ਸਾਧਨ ਹੈ। ਕੋਈ ਵੀ ਵਿਸ਼ਾ ਪੜ੍ਹਾਉਣਾ ਹੋਵੇ, ਕਿਸੇ ਵੀ ਜਮਾਤ ਨੂੰ ਪੜ੍ਹਾਉਣਾ ਹੋਵੇ ਬਲੈਕ ਬੋਰਡ ਤੋਂ ਬਿਨਾ ਅਧਿਆਪਕ ਦਾ ਗੁਜ਼ਾਰਾ ਨਹੀਂ ਹੋ ਸਕਦਾ। ਪਹਿਲਾਂ ਜ਼ਿਆਦਾ ਕਰਕੇ ਕਾਲਾ ਤਖਤਾ ਹੀ ਸਿੱਖਿਆ ਦੇਣ ਵਾਸਤੇ ਵਰਤਿਆ ਜਾਂਦਾ ਸੀ। ਪਰ ਅੱਜ ਕੱਲ ਮਨੋਵਿਗਿਆਨੀਆਂ ਨੇ ਛੋਟੇ ਬੱਚਿਆਂ ਲਈ ਹਰੇ ਅਤੇ ਪੀਲੇ ਰੰਗਾਂ ਦੇ ਤਖਤਿਆਂ ਦੀ ਸਿਫਾਰਸ਼ ਕੀਤੀ ਹੈ। ਇਸ ਲਈ ਅਸੀਂ ਬਲੈਕ ਬੋਰਡ ਦੀ ਜਗ੍ਹਾਂ ਬੋਰਡ ਨੂੰ ਚਾਕ ਬੋਰਡ ਕਹਿੰਦੇ ਹਾਂ, ਬਲੈਕ ਬੋਰਡ ਕਈ ਪ੍ਰਕਾਰ ਦੇ ਮਿਲਦੇ ਹਨ ਜਿਵੇਂ ਸਟੈਂਡ ਬੋਰਡ, ਦੀਵਾਰ ਤੇ ਲਗਾ ਤਖਤਾ ਤੇ ਰੋਲਰ ਟਾਈਪ ਤਖਤਾ। ਹਰੇਕ ਅਧਿਆਪਕ ਆਪਣੀ ਸਹੂਲਤ ਅਨੁਸਾਰ ਅਲੱਗ ਅਲੱਗ ਕਿਸਮ ਦੇ ਬਲੈਕ ਬੋਰਡ ਵਰਤਦਾ ਹੈ।

ਮਾਤ ਭਾਸ਼ਾ ਦੀ ਸਿੱਖਿਆ ਦੇਣ ਸਮੇਂ ਔਖੇ ਸ਼ਬਦਾਂ ਦੇ ਅਰਥ ਲਿਖਣੇ, ਪੜ੍ਹੀ ਹੋਈ ਕਹਾਣੀ ਦਾ ਸਾਰ ਲਿਖਣਾ, ਵਾਕਾਂ ਵਿਚ ਵਰਤੋਂ ਕਰਨ ਲਈ ਮੁਹਾਵਰੇ ਤੇ ਵਾਕੰਸ਼ ਲਿਖਣੇ, ਚਿੱਠੀ ਪੱਤਰ ਲਿਖਣ ਦਾ ਢੰਗ ਸਮਝਾਉਣਾ, ਲੇਖ ਰਚਨਾ ਲਈ ਸੰਖੇਪ ਸੰਕੇਤ ਲਿਖਣੇ, ਵਿਆਕਰਨ ਨਾਲ ਸੰਬੰਧਤ ਹਰ ਪ੍ਰਕਾਰ ਦਾ ਕੰਮ ਆਦਿ ਸਭ ਲਈ ਬਲੈਕ ਬੋਰਡ ਦੀ ਜ਼ਰੂਰਤ ਹੁੰਦੀ ਹੈ। ਛੋਟੇ ਬੱਚਿਆਂ ਨਾਲ ਸੰਬੰਧਤ ਹਰ ਪ੍ਰਕਾਰ ਦਾ ਕੰਮ ਆਦਿ ਸਭ ਲਈ ਬਲੈਕ ਬੋਰਡ ਦੀ ਜ਼ਰੂਰਤ ਹੁੰਦੀ ਹੈ। ਛੋਟੇ ਬੱਚਿਆਂ ਨੂੰ ਲਿਖਣਾ ਸਿਖਾਉਣ ਲਈ ਅੱਖਰਾਂ ਦੀ ਬਣਤਰ ਤੇ ਅਭਿਆਸ ਬਲੈਕ ਬੋਰਡ ਰਾਹੀ ਕੀਤੇ ਜਾਂਦੇ ਹਨ। ਬਲੈਕ ਬੋਰਡ ਦੀ ਵਰਤੋਂ ਨਾਲ ਪੜ੍ਹਾਉਣ ਵਾਲਾ ਵਿਸ਼ਾ ਅਸਾਨ ਤੇ ਸੁਆਦਲਾ ਬਣ ਜਾਂਦਾ ਹੈ। ਸਿੱਖਿਆ ਵਿਧੀ ਵਿਚ ਨਵੀਨਤਾ ਆ ਜਾਂਦੀ ਹੈ।

ਮਾਤ ਭਾਸ਼ਾ ਦੀ ਸਿੱਖਿਆ ਦੇ ਅਧਿਆਪਕਾਂ ਨੂੰ ਬਲੈਕ ਬੋਰਡ ਦੀ ਠੀਕ ਵਰਤੋਂ ਦੀ ਜਾਂਚ ਆਉਣੀ ਚਾਹੀਦੀ ਹੈ। ਬਲੈਕ ਬੋਰਡ ਤੇ ਹਮੇਸ਼ਾਂ ਸਾਫ਼ ਤੇ ਸ਼ੁੱਧ ਲਿਖਣਾ ਚਾਹੀਦਾ ਹੈ, ਲਾਈਨਾਂ ਸਿੱਧੀਆਂ ਹੋਣ, ਅਖਰਾਂ ਦੀ ਮੋਟਾਈ ਇਕੋ ਜਿਹੀ ਹੋਵੇ। ਬਲੈਕ ਬੋਰਡ ਤੇ ਲਿਖਣ ਸਮੇਂ ਬੱਚਿਆਂ ਵੱਲ ਪਿੱਠ ਨਹੀਂ ਕਰਨੀ ਚਾਹੀਦੀ ਸਗੋਂ ਇਕ ਪਾਸੇ ਹੋ ਕੇ ਲਿਖਣਾ ਚਾਹੀਦਾ ਹੈ ਤਾਂ ਕਿ ਬੱਚਿਆਂ ਨੂੰ ਨਾਲੋਂ ਨਾਲ ਦਿਸਦਾ ਰਹੇ ਤੇ ਉਹ ਸ਼ੋਰ ਵੀ ਨਾ ਕਰਨ ਤਾਂ ਕਿ ਜਮਾਤ ਵਿਚ ਅਨੁਸ਼ਾਸ਼ਨਹੀਣਤਾ ਨਾ ਪੈਦਾ ਹੋ ਜਾਵੇ। ਬਲੈਕ ਬੋਰਡ ਦੀ ਸੋਗ ਸੰਭਾਲ ਕਰਨਾ ਵੀ ਅਧਿਆਪਕ ਦਾ ਫਰਜ਼ ਹੈ। ਸਮੇਂ ਸਮੇਂ ਤੇ ਇਸ ਦੀ ਪਾਲਿਸ਼ ਕਰਵਾਉਣੀ ਜ਼ਰੂਰੀ

ਹੈ। ਛੋਟੇ ਕੱਦ ਵਾਲੇ ਬੱਚੇ ਅਗਲੇ ਬੈਂਚਾਂ ਉਤੇ ਅਤੇ ਲੰਮੇ ਪਿਛੇ ਬਿਠਾਏ ਜਾਣ ਤਾਂ ਜੋ ਦੇਖਣ ਵਿਚ ਕੋਈ ਰੁਕਾਵਟ ਨਾ ਪਵੇ। ਬੋਰਡ ਉੱਤੇ ਚਾਨਣਾ ਵੀ ਉਨ੍ਹਾਂ ਹੀ ਪੈਣਾ ਚਾਹੀਦਾ ਹੈ ਜਿੰਨੀ ਕੁ ਲੋੜ ਹੋਵੇ। ਬਹੁਤਾ ਹਨੇਰਾ ਜਾਂ ਬਹੁਤਾ ਚਾਨਣਾ ਦੋਵੇਂ ਹੀ ਹਾਨੀਕਾਰਕ ਹਨ।

ਲਿਖਣ ਤੋਂ ਛੁੱਟ ਬਲੈਕ ਬੋਰਡ ਦੀ ਵਰਤੋਂ ਕੋਈ ਸ਼ਕਲ, ਤਸਵੀਰ ਜਾਂ ਖਾਕਾ ਵਾਹਣ ਲਈ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਬੱਚਿਆਂ ਦੇ ਧਿਆਨ ਨੂੰ ਇਕਾਗਰ ਕੀਤਾ ਜਾ ਸਕਦਾ ਹੈ। ਬਲੈਕ ਬੋਰਡ ਦੀ ਵਰਤੋਂ ਨਾਲ ਬੱਚਿਆਂ ਦੀਆਂ ਵਿਅਕਤੀਗਤ ਯੋਗਤਾਵਾਂ ਤੇ ਕਮਜ਼ੋਰੀਆਂ ਦਾ ਪਤਾ ਲਗਾਇਆ ਜਾ ਸਕਦਾ ਹੈ।

(ਅ) ਚਾਰਟ

ਮਾਤ ਭਾਸ਼ਾ ਦੀ ਸਿੱਖਿਆ ਵਿਚ ਚਾਰਟ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸ ਉੱਤੇ ਸ਼ਬਦ ਤੇ ਵਾਕ ਲਿਖਕੇ, ਉਹਨਾਂ ਨਾਲ ਸੰਬੰਧਿਤ ਚਿਤਰ ਖਿਚ ਕੇ, ਛੋਟੇ ਬੱਚਿਆਂ ਨੂੰ ਪੜ੍ਹਨਾ ਸਿਖਾਇਆ ਜਾ ਸਕਦਾ ਹੈ। ਬੱਚਿਆਂ ਦਾ ਬੋਲ ਚਾਲ ਦਾ ਕੰਮ, ਵਿਆਕਰਨ ਦਾ ਕੰਮ, ਲਿਖਤ ਰਚਨਾ ਦਾ ਕੰਮ ਆਦਿ ਚਾਰਟਾਂ ਦੀ ਸਹਾਇਤਾ ਨਾਲ ਸੌਖਾ ਅਤੇ ਮਨੋਰੰਜਕ ਬਣ ਜਾਂਦਾ ਹੈ। ਹਰੇਕ ਪਾਠ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਚਾਰਟ ਤਿਆਰ ਕੀਤੇ ਜਾ ਸਕਦੇ ਹਨ। ਚਾਰਟ ਬਣਾਉਣ ਵਾਲੀ ਸਮੱਗਰੀ ਸਰਲ ਤੇ ਸਪੱਸ਼ਟ ਹੋਣੀ ਚਾਹੀਦੀ ਹੈ ਪਰ ਚਾਰਟ ਤੇ ਸਿਰਲੇਖ ਦੇਣਾ ਜ਼ਰੂਰੀ ਹੈ। ਚਾਰਟ ਤੇ ਲਿਖੀ ਜਾਣ ਵਾਲੀ ਜਾਣਕਾਰੀ ਮੋਟੀ ਹੋਵੇ ਤਾਂ ਕਿ ਦੂਰ ਬੈਠੇ ਵਿਦਿਆਰਥੀ ਇਸ ਨੂੰ ਪੜ੍ਹ ਸਕਣ। ਅਧਿਆਪਕਾਂ ਨੂੰ ਟਰੇਨਿੰਗ ਸਕੂਲਾਂ ਅਤੇ ਕਾਲਜਾਂ ਵਿਚ ਚਾਰਟ ਤਿਆਰ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਚਾਰਟ ਦੇ ਪਿਛੇ ਉਪਰ ਨੀਚੇ ਗਤੇ ਦੀ ਹਲਕੀ ਜਿਹੀ ਫੱਟੀ ਲਗਾਉਣੀ ਚਾਹੀਦੀ ਹੈ ਤਾਂ ਕਿ ਚਾਰਟ ਸਿੱਧਾ ਰਹੇ ਅਤੇ ਟੰਗਣ ਵਾਸਤੇ ਵੀ ਜਗ੍ਹਾ ਬਣਾਉਣੀ ਚਾਹੀਦੀ ਹੈ।

(ੲ) ਤਸਵੀਰਾਂ

ਦਰਿਸ਼ਟੀ ਸਹਾਇਕ ਸਾਧਨਾਂ ਵਿੱਚੋਂ ਤਸਵੀਰਾਂ ਬੜੀ ਉਪਯੋਗੀ ਸਮੱਗਰੀ ਹੈ। ਅੱਜ ਦਾ ਸਮਾਂ ਤਸਵੀਰਾਂ ਦਾ ਸਮਾਂ ਹੈ। ਬੱਚਾ ਆਪਣੇ ਜੀਵਨ ਵਿੱਚ ਚੁਫੇਰੇ ਤਸਵੀਰਾਂ ਹੀ ਦੇਖਦਾ ਰਹਿੰਦਾ ਹੈ। ਤਸਵੀਰ ਲਈ ਬੱਚੇ ਅੰਦਰ ਕੁਦਰਤੀ ਸ਼ੌਕ ਵੀ ਹੁੰਦਾ ਹੈ। ਛੋਟਾ ਬੱਚਾ ਪੁਸਤਕ ਪੜ੍ਹਨ ਦੀ ਸਮੱਰਥਾ ਰੱਖਦਾ ਹੋਵੇ ਜਾਂ ਨਾ, ਪ੍ਰੰਤੂ ਤਸਵੀਰਾਂ ਵੇਖਣ ਲਈ ਜ਼ਰੂਰੀ ਪੰਨੇ ਪਲਟੇਗਾ। ਬੱਚੇ ਦੇ ਇਸ ਸ਼ੌਕ ਨੂੰ ਸਿੱਖਿਆ ਖੇਤਰ ਵਿਚ ਕਦੀ ਵੀ ਉਪਯੋਗੀ ਧੰਦਿਆਂ ਲਈ ਵਰਤਿਆ ਜਾ ਸਕਦਾ ਹੈ।

ਹਰ ਪੱਧਰ ਉਤੇ ਮਾਤ-ਭਾਸ਼ਾ ਦੀ ਸਿੱਖਿਆ ਦਾ ਕੰਮ ਤਸਵੀਰਾਂ ਨਾਲ ਸੰਬੰਧਿਤ ਕੀਤਾ ਜਾ ਸਕਦਾ ਹੈ। ਜੇ ਛੋਟੇ ਬੱਚੇ ਨੂੰ ਪੜ੍ਹਨਾ ਸ਼ੁਰੂ ਕਰਾਉਣਾ ਹੋਵੇ, ਤਾਂ ਉਹ ਤਸਵੀਰਾਂ ਦੀ ਸਹਾਇਤਾ ਨਾਲ ਜਲਦੀ ਸਿਖ ਲਵੇਗਾ। ਵਿਆਕਰਣ ਵਰਗਾ ਔਖਾ ਅਤੇ ਖੁਸ਼ਕ ਵਿਸ਼ਾ ਤਸਵੀਰਾਂ ਦੀ ਸਹਾਇਤਾ ਨਾਲ ਸਰਲ ਤੇ ਦਿਲਚਸਪ ਬਣਾਇਆ ਜਾ ਸਕਦਾ ਹੈ। ਚਿੱਤਰਾ ਰਾਹੀਂ ਲਿਖਤ ਰਚਨਾ ਦੇ ਅਭਿਆਸ ਦੇਣ ਬਾਰੇ ਤਾਂ ਸਿੱਖਿਆ ਖੇਤਰਾਂ ਵਿਚ ਆਮ ਚਰਚਾ ਹੈ। ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਤਿਆਰ ਕਰਕੇ ਵਿਸ਼ੇ ਨੂੰ ਜ਼ਿਆਦਾ ਸਰਲ ਅਤੇ ਮਨੋਰੰਜਕ ਬਣਾਇਆ ਜਾ ਸਕਦਾ ਹੈ। ਇਸ ਨਾਲ ਬੱਚਿਆਂ ਦੀ ਰੁਚੀ ਵੀ ਵਿਸ਼ੇ ਵਿਚ ਬਣੀ ਰਹਿੰਦੀ ਹੈ।

ਵਿਦਿਆਰਥੀਆਂ ਦੀ ਬੋਲ ਚਾਲ, ਪੜ੍ਹਾਈ ਅਤੇ ਲਿਖਾਈ ਤਸਵੀਰਾਂ ਉਤੇ ਆਧਾਰਿਤ ਕੀਤੀ ਜਾ ਸਕਦੀ ਹੈ। ਤਸਵੀਰਾਂ ਰਾਹੀਂ ਪੇਸ਼ ਕੀਤੀਆਂ ਜੀਵਨ ਝਾਕੀਆਂ, ਰੇਲਵੇ ਸਟੇਸ਼ਨ ਦਾ ਦ੍ਰਿਸ਼, ਦੁਕਾਨ, ਖੇਡ ਦਾ ਮੈਦਾਨ, ਪੁਲਸ ਦਾ ਸਿਪਾਹੀ, ਹਲ ਵਾਹੁੰਦਾ ਜੱਟ, ਚਿੱਠੀਆਂ ਵੰਡ ਰਿਹਾ ਡਾਕੀਆ, ਪਾਠ ਪੜ੍ਹਾ ਰਿਹਾ ਅਧਿਆਪਕ ਆਦਿ ਸਭ ਕੁਝ ਕਿਸੇ ਵੀ ਰੂਪ ਵਿਚ ਬੋਲੀ ਸਿੱਖਿਆ ਲਈ ਵਰਤਿਆ ਜਾ ਸਕਦਾ ਹੈ।

ਉਪਰਲੀਆਂ ਸ਼੍ਰੇਣੀਆਂ ਵਿਚ ਸਾਹਿਤ ਦਾ ਅਧਿਐਨ ਕਰਨ ਲਈ ਤਸਵੀਰਾਂ ਦੀ ਸਹਾਇਤਾ ਲਈ ਜਾ ਸਕਦੀ ਹੈ ਨਾਟਕ ਤੇ ਕਹਾਣੀ ਵਿਚਲੀ ਘਟਨਾਂ ਨੂੰ ਤਸਵੀਰਾਂ ਰਾਹੀਂ ਉਸਾਰਿਆ ਜਾ ਸਕਦਾ ਹੈ। ਪਿਛੋਕੜ ਅਤੇ ਵਾਤਾਵਰਣ ਉਸਾਰੀ ਵਿਚ ਤਸਵੀਰਾਂ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਤਸਵੀਰਾਂ ਵਿਚ ਪੇਸ਼ ਕੀਤੀਆਂ ਘਟਨਾਵਾਂ ਜਾਂ ਕਹਾਣੀ ਅੰਸ਼ਾਂ ਨੂੰ ਬੱਚਿਆਂ ਤੇ ਕਲਪਨਾ ਉਸਾਰੀ ਲਈ ਵਰਤਿਆ ਜਾ ਸਕਦਾ ਹੈ। ਤਸਵੀਰਾਂ

ਬੱਚੇ ਦੇ ਸਾਹਮਣੇ ਰੱਖ ਕੇ ਉਸ ਨੂੰ ਉਹਨਾਂ ਦੇ ਆਧਾਰ ਤੇ ਕਹਾਣੀ ਰਚਨਾ ਕਰਨ ਲਈ ਕਿਹਾ ਜਾ ਸਕਦਾ ਹੈ। ਮਨੋਵਿਗਿਆਨਕ ਦਰਿਸ਼ਟੀਕੋਣ ਤੋਂ ਵਿਦਿਆਰਥੀਆਂ ਦੇ ਮਾਨਸਿਕ ਅਧਿਐਨ ਲਈ ਇਹ ਢੰਗ ਬਹੁਤ ਹੀ ਲਾਭਦਾਇਕ ਸਿੱਧ ਹੁੰਦਾ ਹੈ।

ਰਾਇਬਰਨ ਅਨੁਸਾਰ ਰਚਨਾਤਮਿਕ ਕੰਮ ਵੀ ਤਸਵੀਰਾਂ ਦੀ ਸਹਾਇਤਾ ਰਾਹੀਂ ਕੀਤੇ ਜਾ ਸਕਦੇ ਹਨ ਵਿਦਿਆਰਥੀ ਕੋਈ ਵੀ ਕਵਿਤਾ ਪੜ੍ਹਦੇ ਹਨ ਅਤੇ ਕਵਿਤਾ ਵਿਚ ਅੰਕਿਤ ਕਵੀ ਦੇ ਭਾਵ ਨੂੰ ਚੰਗੀ ਤਰ੍ਹਾਂ ਸਮਝ ਲੈਂਦੇ ਹਨ। ਇਸ ਤੋਂ ਪਿਛੋਂ ਉਹਨਾਂ ਨੂੰ ਕਿਹਾ ਜਾਵੇ ਕਿ ਉਹ ਕਵੀ ਦੇ ਭਾਵ ਨੂੰ ਚਿਤਰ ਰਾਹੀਂ ਪੇਸ਼ ਕਰਨ ਅਰਥਾਤ ਜੋ ਵਿਚਾਰ ਸ਼ਬਦ ਮਾਧਿਅਮ ਦੁਆਰਾ ਕਵੀ ਨੇ ਪ੍ਰਗਟਾਇਆ ਹੈ ਉਸ ਨੂੰ ਚਿੱਤਰ ਮਾਧਿਅਮ ਦੁਆਰਾ ਵਿਦਿਆਰਥੀ ਪ੍ਰਗਟਾਉਣ ਦਾ ਯਤਨ ਕਰਨ। ਕਲਾ ਦੀ ਪਰਖ ਕਰਨ ਅਤੇ ਕਲਾ ਵਿਚਲੀ ਸੂਖਮਤਾ ਸਮਝਣ ਲਈ ਇਹ ਅਭਿਆਸ ਚੰਗਾ ਸਿੱਧ ਹੋ ਸਕਦਾ ਹੈ।

ਛੋਟੇ ਬੱਚਿਆਂ ਲਈ ਤਸਵੀਰਾਂ ਵਧੇਰੇ ਖਿੱਚ ਰਖਦੀਆਂ ਹਨ। ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਇਹਨਾਂ ਦੀ ਵਰਤੋਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਜਿਥੋਂ ਵੀ ਚੰਗੀਆਂ ਤਸਵੀਰਾਂ ਮਿਲਣ ਇਕੱਠੀਆਂ ਕਰ ਲੈਣੀਆਂ ਚਾਹੀਦੀਆਂ ਹਨ। ਬੱਚਿਆਂ ਦੇ ਮਾਨਸਿਕ ਪੱਧਰ ਅਤੇ ਉਹਨਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਤਸਵੀਰਾਂ ਨੂੰ ਤਰਤੀਬਵਾਰ ਰਖ ਲਿਆ ਜਾਵੇ ਤਾਂ ਜੋ ਲੋੜ ਪੈਣ ਸਮੇਂ ਵਰਤੋਂ ਕਰਨੀ ਸੌਖੀ ਹੋ ਜਾਵੇ।

**(ਸ) ਮਾਡਲ**

ਜੋ ਕੁਝ ਬੱਚਿਆਂ ਨੂੰ ਅਸਲੀ ਰੂਪ ਵਿਚ ਨਹੀਂ ਦਿਖਾਇਆ ਜਾ ਸਕਦਾ, ਉਹ ਮਾਡਲ ਦੇ ਰੂਪ ਵਿਚ ਜਮਾਤ ਦੇ ਸਾਹਮਣੇ ਲਿਆਂਦਾ ਜਾ ਸਕਦਾ ਹੈ। ਤਸਵੀਰਾਂ ਵਾਂਗ ਹੀ ਬੋਲੀ ਸਿੱਖਿਆ ਦੇ ਹਰ ਪੱਧਰ ਉੱਤੇ ਮਾਡਲ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮਾਡਲ ਦਾ ਪ੍ਰਯੋਗ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥੀ ਨੂੰ ਅਸਲ ਵਿਚ ਮੁੱਢਲਾ ਗਿਆਨ ਦਿੱਤਾ ਜਾਵੇ। ਇਸ ਦਾ ਭਾਵ ਹੈ ਅਨੁਭਵਾਂ ਨਾਲ ਪ੍ਰਤੱਖ ਸਬੰਧ। ਇਹ ਸਿੱਧਾ ਤਜਰਬਾ ਤਾਂ ਹੀ ਹੋ ਸਕਦਾ ਹੈ ਜੇਕਰ ਵਿਦਿਆਰਥੀ ਆਪ ਮਾਡਲ ਦੇਖੇ, ਮਹਿਸੂਸ ਕਰੇ, ਫੜੇ ਅਰਥਾਤ ਆਪਣੇ ਹੱਥਾਂ ਨਾਲ ਕੰਮ ਕਰੇ, ਮਾਡਲ ਦਾ ਹੋਰ ਲਾਭ ਇਹ ਹੈ ਕਿ ਵਿਦਿਆਰਥੀ ਦੀ ਖੋਜ ਅਤੇ ਕੰਮ ਕਰਨ ਦੀ ਰੁਚੀ ਨੂੰ ਉਤਸ਼ਾਹ ਦਿੰਦਾ ਹੈ। ਇਕ ਮਾਡਲ ਦੇਖ ਕੇ ਅਨੁਭਵ ਕਰਕੇ ਵਿਦਿਆਰਥੀ ਕਈ ਪ੍ਰਸ਼ਨ ਪੁੱਛਦਾ ਹੈ। ਇਹਨਾਂ ਪ੍ਰਸ਼ਨਾਂ ਦਾ ਉੱਤਰ ਅਧਿਆਪਕ ਲਈ ਜ਼ਰੂਰੀ ਹੁੰਦਾ ਹੈ। ਜਮਾਤ ਵਿੱਚ ਮੇਲੇ ਦੇ ਦ੍ਰਿਸ਼ ਦਾ ਮਾਡਲ ਬਣਾ ਕੇ ਬੱਚਿਆਂ ਨੂੰ ਉਸਦਾ ਅਨੁਭਵ ਕਰਵਾਇਆ ਜਾ ਸਕਦਾ ਹੈ। ਚਿੜਿਆ ਘਰ ਦਾ ਪੈਰ੍ਹਾ ਲਿਖਣ ਲਈ ਵੀ ਮਾਡਲ ਬਣਾਇਆ ਜਾ ਸਕਦਾ ਹੈ।

**(ਹ) ਰੇਡੀਓ**

ਅੱਜ ਦੇ ਵਿਗਿਆਨ ਦੇ ਯੁਗ ਵਿਚ ਰੇਡੀਓ ਮਨੁੱਖ ਦੀ ਇਕ ਜ਼ਰੂਰਤ ਬਣ ਗਿਆ ਹੈ। ਮਨੋਰੰਜਨ ਤੋਂ ਛੁਟ ਇਹ ਸਿੱਖਿਆ ਦਾ ਵੀ ਇਕ ਸਹਾਇਕ ਸਾਧਨ ਬਣ ਗਿਆ ਹੈ: ਵਿਸ਼ੇਸ਼ ਕਰਕੇ ਬੋਲੀ ਸਿਖਣ ਵਿਚ ਰੇਡੀਓ ਵਧੀਆਂ ਸਹਾਇਕ ਹੈ। ਯੋਗ ਅਧਿਆਪਕਾਂ ਤੇ ਪ੍ਰੋਫੇਸਰਾਂ ਦੇ ਲੈਕਚਰ, ਵਾਦ ਵਿਵਾਦ, ਡਰਾਮੇ, ਕਹਾਣੀਆਂ, ਚੁਟਕਲੇ, ਕਵਿਤਾਵਾਂ, ਸਫਰਨਾਮੇ ਆਦਿ ਬੋਲੀ ਸਿਖਣ ਦੇ ਸਾਧਨ, ਮੰਨੇ ਜਾ ਸਕੇਦ ਹਨ। ਬੋਲੀ ਸਿੱਖਿਆ ਦੀ ਮੁਖ ਲੋੜ ਸ਼ੁੱਧ ਤੇ ਸਾਫ਼ ਬੋਲਣਾ ਸਿਖਣਾ ਹੈ। ਇਸ ਲੋੜ ਦੀ ਪੂਰਤੀ ਬਹੁਤ ਹੱਦ ਤੱਕ ਰੇਡੀਓ ਰਾਹੀਂ ਹੋ ਸਕਦੀ ਹੈ। ਚੰਗੀ ਤੇ ਸ਼ੁੱਧ ਭਾਸ਼ਾ ਬੋਲਣ ਵਾਲੇ ਭਾਸ਼ਨਕਾਰਾਂ ਦੇ ਪ੍ਰੋਗਰਾਮ ਸੁਣਨ ਨਾਲ ਬੋਲੀ ਦਾ ਠੀਕ ਰੂਪ ਸਿੱਖਿਆ ਜਾ ਸਕਦਾ ਹੈ ਨਵੇਂ ਸ਼ਬਦ, ਵਿਚਾਰ, ਨਵੇਂ ਸ਼ਬਦਾਂ ਅਤੇ ਮੁਹਾਵਰਿਆਂ ਦਾ ਠੀਕ ਪ੍ਰਯੋਗ ਤੇ ਉਚਾਰਨ, ਰੇਡੀਓ ਰਾਹੀਂ ਸਿੱਖਿਆ ਜਾ ਸਕਦਾ ਹੈ। ਬੋਲ ਚਾਲ ਤੇ ਲਿਖਤੀ ਕੰਮ ਦੇ ਅਭਿਆਸ ਰੇਡੀਓ ਪ੍ਰੋਗਰਾਮ ਨਾਲ ਸੰਬੰਧਿਤ ਕੀਤੇ ਜਾ ਸਕਦੇ ਹਨ।

ਪੱਛਮੀ ਦੇਸ਼ਾਂ ਵਿਚ ਰੇਡੀਓ ਦੇ ਮਹੱਤਵ ਨੂੰ ਸਮਝਦੇ ਹੋਏ ਬੱਚਿਆਂ ਦੀਆਂ ਲੋੜਾਂ ਨੂੰ ਮੁੱਖ ਰਖਦਿਆਂ ਹੋਇਆਂ ਦਿਨ ਵਿਚ ਕਈ ਪ੍ਰੋਗਰਾਮ ਦਿੱਤੇ ਜਾਂਦੇ ਹਨ। ਬੀ.ਬੀ.ਸੀ. ਲੰਡਨ ਤੋਂ ਬੱਚਿਆਂ ਦੀ ਸਿੱਖਿਆ ਦੇ

ਕਈ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਂਦੇ ਹਨ। ਕੁਝ ਸਮੇਂ ਤੋਂ ਆਲ ਇੰਡੀਆ ਰੇਡੀਓ ਨੇ ਵੀ ਬੱਚਿਆਂ ਦੇ ਪ੍ਰੋਗਰਾਮ ਅਤੇ ਸਕੂਲ ਪ੍ਰੋਗਰਾਮ ਦੇਣੇ ਸ਼ੁਰੂ ਕੀਤੇ ਹਨ। ਰੇਡੀਚ ਸਟੇਸ਼ਨ ਦੇ ਸਿੱਖਿਆ ਅਧਿਕਾਰੀਆਂ ਨੂੰ ਵੀ ਪ੍ਰੇਰਿਆ ਗਿਆ ਹੈ ਜੋ ਵਧੇਰੇ ਵਿਦਿਅਕ ਪ੍ਰੋਗਰਾਮਾਂ ਦਾ ਪ੍ਰਸਾਰ ਕਰਨ। ਇਸ ਸਾਧਨ ਦੇ ਮੂਲ ਲਾਭ ਇਸ ਤਰ੍ਹਾਂ ਹਨ :–

ਰੇਡੀਓ ਰਾਹੀਂ ਇਕ ਹੀ ਕਿਸਮ ਦੀ ਸਿੱਖਿਆ ਇਕੋ ਹੀ ਸਮੇਂ ਕਈ ਸਾਰੇ ਕਮਰਿਆਂ ਵਿਚ ਦਿੱਤੀ ਜਾ ਸਕਦੀ ਹੈ। ਇਸ ਤਰ੍ਹਾਂ ਧਨ ਦੀ, ਸਮੇਂ ਦੀ ਅਤੇ ਭਾਸ਼ਣ ਦੇਣ ਵਾਲਿਆਂ ਦੀ ਬੱਚਤ ਹੁੰਦੀ ਹੈ। ਰੇਡੀਓ ਰਾਹੀਂ ਸਾਧਾਰਨ ਜਮਾਤ ਵਿਚ ਉਹਨਾਂ ਵਿਦਆਨਾਂ ਦੇ ਵਿਚਾਰ ਪਹੁੰਚਾਏ ਜਾ ਸਕਦੇ ਹਨ ਜੋ ਥਾਂ ਥਾਂ ਤੇ ਆਪ ਨਹੀਂ ਜਾ ਸਕਦੇ। ਰੇਡੀਓ ਤੋਂ ਪ੍ਰੋਗਰਾਮ ਸੁਣ ਕੇ ਬੱਚਿਆਂ ਵਿਚ ਵਿਚਾਰ ਵਟਾਂਦਰਾ ਕਰਨ ਦਾ ਉਤਸ਼ਾਹ ਪੈਦਾ ਹੋ ਜਾਂਦਾ ਹੈ। ਅਧਿਆਪਕ ਹਮੇਸ਼ਾ ਰੇਡੀਓ ਪ੍ਰੋਗਰਾਮ ਤੋਂ ਬਾਅਦ ਵੱਖ ਵੱਖ ਕਿਸਮ ਦੇ ਵਾਦ-ਵਿਵਾਦ ਮੁਕਾਬਲੇ ਕਰਾਉਂਦੇ ਹਨ। ਇਸ ਲਈ ਬੱਚਿਆਂ ਵਿਚ ਸਵੈ-ਪ੍ਰਗਟਾਅ ਦੀ ਪ੍ਰਵਿਰਤੀ ਦਾ ਵਿਕਾਸ ਹੁੰਦਾ ਹੈ। ਰਡੀਓ ਰਾਹੀਂ ਅਸੀਂ ਜਮਾਤ ਦੇ ਨੀਰਸ, ਬੇ-ਸੁਆਦੀ ਅਤੇ ਫਿੱਕੇ ਜਿਹੇ ਵਾਤਾਵਰਣ ਨੂੰ ਮਨੋਰੰਜਕ ਬਣਾ ਸਕਦੇ ਹਾਂ। ਰੇਡੀਓ ਦੁਆਰਾ ਬੱਚਿਆਂ ਦੀ ਭਾਸ਼ਾ ਸੰਬੰਧੀ ਅਸ਼ੁਧੀਆਂ ਵੀ ਦੂਰ ਹੋ ਸਕਦੀਆਂ ਹਨ। ਉਹਨਾਂ ਦੀ ਸ਼ਬਦਾਵਲੀ ਵਿਚ ਕਾਫੀ ਵਾਧਾ ਹੁੰਦਾ ਹੈ।

ਮਾਤ ਭਾਸ਼ਾ ਦੀ ਸਿੱਖਿਆ ਵਿਚ ਰੇਡੀਓ ਕਿਤਨਾ ਉਪਯੋਗੀ ਹੋ ਸਕਦਾ ਹੈ, ਇਸ ਦਾ ਪਤਾ ਰੇਡੀਓ ਤੋਂ ਦਿੱਤੇ ਗਏ ਪ੍ਰੋਗਰਾਮ ਦੀ ਪੱਛਰ ਤੇ ਸਕੂਲ ਵਿਚ ਉਸ ਦੀ ਕੀਤੀ ਗਈ ਵਰਤੋਂ ਤੋਂ ਲਗਾ ਸਕਦਾ ਹੈ। ਰੇਡੀਓ ਵਾਸਤੇ ਸਕੂਲ ਪ੍ਰੋਗਰਾਮ ਅਤੇ ਬੱਚਿਆਂ ਦੇ ਪ੍ਰੋਗਰਾਮ ਤਿਆਰ ਕਰਨ ਲਈ ਅਧਿਆਪਕਾਂ ਦੀ ਕਮੇਟੀ ਬਣਨੀ ਚਾਹੀਦੀ ਹੈ। ਇਹਨਾਂ ਪ੍ਰੋਗਰਾਮਾਂ ਦੇ ਮੁੱਖ ਉਦੇਸ਼ ਬੱਚਿਆਂ ਦੀ ਆਮ ਜਾਣਕਾਰੀ ਵਿਚ ਵਾਧਾ ਕਰਨਾ ਹੋਣਾ ਚਾਹੀਦਾ ਹੈ। ਇਸ ਤੋਂ ਛੁੱਟ ਉਹਨਾਂ ਦੇ ਸਿਲੇਬਸ ਦੀਆਂ ਲੋੜਾਂ ਨੂੰ ਵੀ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ। ਪ੍ਰੋਗਰਾਮ ਦੇ ਭਾਸ਼ਾ ਪੱਧਰ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਸਾਰਾ ਪ੍ਰੋਗਰਾਮ ਸ਼ੁੱਧ ਟਕਸਾਲੀ ਭਾਸ਼ਾ ਵਿਚ ਹੋਣਾ ਚਾਹੀਦਾ ਹੈ ਤਾਂ ਜੋ ਬੱਚਿਆਂ ਵਿਚ ਬੋਲੀ ਦਾ ਸ਼ੁੱਧ ਰੂਪ ਕਾਇਮ ਕੀਤਾ ਜਾ ਸਕੇ। ਪ੍ਰੋਗਰਾਮ ਦੇ ਵਿਸਥਾਰ ਦੀ ਕਾਪੀ ਸਾਰੇ ਸਕੂਲਾਂ ਵਿਚ ਪਹਿਲਾਂ ਹੀ ਪਹੁੰਚ ਜਾਣੀ ਚਾਹੀਦੀ ਹੈ ਤਾਂ ਜੋ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਰੇਡੀਓ ਤੋਂ ਆਉਣ ਵਾਲੇ ਪ੍ਰੋਗਰਾਮ ਵਾਸਤੇ ਤਿਆਰ ਕਰ ਸਕਣ।

ਰੇਡੀਓ ਸਿੱਖਿਆ ਦਾ ਇਕ ਸਹਾਇਕ ਸਾਧਨ ਹੈ। ਪਰੰਤੂ ਫਿਰ ਵੀ ਇਸ ਸਾਧਨ ਦੀ ਵਰਤੋਂ ਸਾਡੇ ਸਕੂਲਾਂ ਵਿਚ ਬਹੁਤ ਹੀ ਘੱਟ ਹੁੰਦੀ ਹੈ। ਇਸ ਦੇ ਕਈ ਕਾਰਨ ਹਨ। ਆਮ ਤੌਰ ਤੇ ਪ੍ਰਾਈਵੇਟ ਸਕੂਲਾਂ ਕੋਲ ਇਤਨੇ ਫੰਡ ਨਹੀਂ ਹੁੰਦੇ ਕਿ ਉਹ ਰੇਡੀਓ ਖਰੀਦ ਸਕਣ। ਪਿੰਡਾਂ ਦੇ ਸਕੂਲਾਂ ਦੀ ਵੀ ਇਹ ਇਕ ਵੱਡੀ ਸਮੱਸਿਆ ਹੈ ਕਿ ਉਥੇ ਬਿਜਲੀ ਨਹੀਂ ਹੁੰਦੀ। ਅੱਜ ਕਲ੍ਹ ਪੰਜਾਬ ਵਿਚ ਸਾਰੇ ਪ੍ਰਾਇਮਰੀ ਸਕੂਲਾਂ ਨੂੰ ਸਰਕਾਰ ਵਲੋਂ ਰੇਡੀਓ ਸੈਟ ਦਿਤੇ ਗਏ ਹਨ।

**(ਕ) ਟੈਲੀਵਿਜ਼ਨ**

ਰੇਡੀਓ ਵਾਂਗ ਟੈਲੀਵੀਜ਼ਨ ਵੀ ਸਿੱਖਿਆ ਦਾ ਇਕ ਸਹਾਇਕ ਸਾਧਨ ਹੈ। ਇਹ ਦ੍ਰਿਸ਼ਟੀ ਅਤੇ ਸਰੋਤ ਦੋਵੇਂ ਸਾਧਨਾਂ ਦਾ ਸੁਮੇਲ ਹੋਣ ਕਰਕੇ ਵਧੇਰੇ ਲਾਭਦਾਇਕ ਸਿੱਧ ਹੋ ਸਕਦਾ ਹੈ। ਭਾਰਤ ਵਿਚ ਇਸ ਸਾਧਨ ਤੋਂ ਅਜੇ ਪੂਰਾ ਲਾਭ ਨਹੀਂ ਉਠਾਇਆ ਜਾ ਸਕਦਾ ਕਿਉਂਕਿ ਭਾਰਤ ਗਰੀਬ ਦੇਸ਼ ਹੋਣ ਦੇ ਕਾਰਨ ਅਤੇ ਬਹੁਤ ਟੈਲੀਵੀਜ਼ਨ ਕੇਂਦਰ ਸਥਾਪਿਤ ਨਹੀਂ ਕਰ ਸਕਿਆ। ਦਿੱਲੀ ਦੀ ਇਗਨੋ ਯੂਨੀਵਰਸਿਟੀ ਦੇ ਪ੍ਰੋਗਰਾਮ ਇਸ ਦੀ ਸਹਾਇਤਾ ਰਾਹੀਂ ਵਿਦਿਆਰਥੀਆਂ ਤਕ ਪਹੁੰਚਾਏ ਜਾ ਰਹੇ ਹਨ। ਸਕੂਲ ਵਿਚੋਂ ਵੀ ਇਸ ਦੀ ਵਰਤੋਂ ਕਰਕੇ ਅਸੀਂ ਪੰਜਾਬੀ ਸਭਿਆਚਾਰ, ਵੱਡੇ ਵੱਡੇ ਵਿਦਵਾਨਾਂ ਦੇ ਭਾਸ਼ਣ ਆਦਿ ਪ੍ਰੋਗਰਾਮ ਦਿਖਾ ਸਕਦੇ ਹਾਂ।

ਸਿੱਖਿਆ ਵਿਚ ਫਿਲਮਾਂ ਦਾ ਜ਼ਰੂਰੀ ਸਥਾਨ ਹੈ। ਫਿਲਮਾਂ ਰਾਹੀਂ ਵਿਦਿਆਰਥੀਆਂ ਦਾ ਮਨੋਰੰਜਨ ਵੀ ਹੋ ਜਾਂਦਾ ਹੈ ਤੇ ਸਿੱਖਿਆ ਵੀ ਮਿਲ ਜਾਂਦੀ ਹੈ।

ਪੱਛਮੀ ਦੇਸ਼ਾਂ ਵਿਚ ਫਿਲਮਾਂ ਸਿੱਖਿਆ ਦਾ ਇਕ ਉਤਮ ਸਾਧਨ ਹਨ। ਇਹਨਾਂ ਦੇਸ਼ਾਂ ਵਿਚ ਸਿੱਖਿਆ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਵਿਸ਼ੇਸ਼ ਫਿਲਮਾਂ ਤਿਆਰ ਕੀਤੀਆਂ ਜਾਂਦੀਆਂ ਹਨ। ਪੜ੍ਹਨਾ ਲਿਖਣਾ, ਬੋਲਚਾਲ ਦੇ ਅਭਿਆਸ ਦੇਣਾ, ਸੁਲੇਖ ਮਾਲਾ ਆਦਿ ਕਈ ਵਿਸ਼ੇਸ਼ ਫਿਲਮਾਂ ਮਿਲਦੀਆਂ ਹਨ। ਉਚਾਰਨ ਢੰਗ ਨੂੰ ਸੁਧਾਰਨ ਲਈ ਸਵਰ ਗਿਆਨ ਵੀ ਫਿਲਮੀ ਤਸਵੀਰਾਂ ਰਾਹੀਂ ਦਿੱਤਾ ਜਾਂਦਾ ਹੈ। ਬੋਲਚਾਲ ਅਤੇ ਲਿਖਤੀ ਪ੍ਰਗਟਾਅ ਦੇ ਅਭਿਆਸ ਦੇਣ ਲਈ ਫਿਲਮਾਂ ਨੂੰ ਆਧਾਰ ਬਣਾਇਆ ਜਾ ਸਕਦਾ ਹੈ ਲੇਖ ਰਚਨਾ ਅਤੇ ਲਿਖਤੀ ਲੇਖ ਰਚਨਾ ਦੇ ਕੰਮ ਨੂੰ ਫਿਲਮਾਂ ਰਾਹੀਂ ਸੋਖਾ ਬਣਾਇਆ ਜਾ ਸਕਦਾ ਹੈ। ਵਿਸ਼ੇਸ਼ ਕਰਕੇ ਕਵਿਤਾ ਵਿਚਲੇ ਸੂਖਮ ਭਾਵ ਨੂੰ ਸਮਝਣ ਲਈ ਨਾਲੋਂ ਨਾਲ ਫਿਲਮਾਈ ਗਈ ਵਿਚਾਰਧਾਰਾ ਬੜੀ ਸਹਾਈ ਸਿੱਧ ਹੁੰਦੀ ਹੈ।

ਪੱਛਮੀ ਦੇਸ਼ਾ ਵਿਚ ਫਿਲਮ ਦਸਤਕਾਰੀ ਨਾ ਕੇਵਲ ਆਮ ਲੋਕਾਂ ਦੇ ਸੁਹਜ-ਸੁਆਦ ਦਾ ਪੱਧਰ ਉਚੇਰਾ ਕਰਦੀ ਹੈ। ਸਗੋਂ ਉਹਨਾਂ ਦੇ ਜੀਵਨ ਦੀਆਂ ਕਈ ਗੁੰਝਲਦਾਰ ਭਾਵੁਕ ਸਮੱਸਿਆਵਾਂ ਹੱਲ ਕਰਨ ਵਿਚ ਅਗਵਾਈ ਕਰਦੀ ਹੈ। ਪਰੰਤੂ ਇਸ ਦੇ ਉਲਟ ਭਾਰਤੀ ਫਿਲਮ ਦਸਤਕਾਰੀ ਨਿਰੋਲ ਵਪਾਰਕ ਦ੍ਰਿਸ਼ਟੀਕੋਣ ਨੂੰ ਸਾਹਮਣੇ ਰਖਦੀ ਹੈ।

ਪੰਜਾਬੀ ਬੋਲੀ ਨੂੰ ਸਿਖਣ ਲਈ ਪੰਜਾਬੀ ਜੀਵਨ ਦੀ ਧੜਕਣ ਨੂੰ ਵੇਖਣਾ, ਮਹਿਸੂਸ ਕਰਨ ਤੇ ਮਾਨਣਾ ਜ਼ਰੂਰੀ ਹੈ। ਬੋਲੀ ਸਾਡੇ ਸਭਿਆਚਾਰ, ਰਸਮੋਂ ਰਿਵਾਜ਼, ਸਥਾਪਤ ਸੰਸਥਾਵਾਂ, ਸਮਾਜਿਕ ਵਾਤਾਵਰਣ ਅਤੇ ਲੋਕਾਂ ਦੇ ਇਤਿਹਾਸ ਵਿਚੋਂ ਉਪਜਦੀ ਹੈ ਅਤੇ ਇਹ ਸਭ ਕੁਝ ਸਾਨੂੰ ਫਿਲਮਾਂ ਜੀਉਂਦੇ ਜਾਗਦੇ ਰੂਪ ਵਿਚ ਦਿੰਦੀਆਂ ਹਨ। ਪਰੰਤੂ ਫਿਰ ਵੀ ਭਾਰਤ ਵਿਚ ਇਸ ਪਾਸੇ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ। ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਨੂੰ ਪੰਜਾਬੀ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰਖਦਿਆ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਫਿਲਮਾਂ ਇਕ ਅਜਿਹਾ ਸਾਧਨ ਹਨ ਜਿਸ ਨਾਲ ਸਿੱਖਿਆ ਦੀ ਪ੍ਰਾਪਤੀ ਦੇ ਨਾਲ ਨਾਲ ਵਿਦਿਆਰਥੀਆਂ ਦਾ ਮਨੋਰੰਜਨ ਵੀ ਹੋ ਸਕਦਾ ਹੈ। ਪਰੰਤੂ ਇਹ ਬੜੇ ਹੀ ਦੁਖ ਦੀ ਗੱਲ ਹੈ ਕਿ ਸਾਡੇ ਦੇਸ਼ ਵਿਚ ਅਜੇ ਤੱਕ ਇਸ ਦੇ ਮਹੱਤਵ ਨੂੰ ਨਹੀ ਸਮਝਿਆ ਗਿਆ ਹੈ ਸਕੂਲਾਂ ਵਿਚ ਫਿਲਮਾਂ ਦਿਖਾਉਣ ਲਈ ਇਕ ਪ੍ਰਜੈਕਟਰ ਚਾਹੀਦਾ ਹੈ, ਫਿਲਮਾਂ ਚਾਹੀਦੀਆਂ ਹਨ, ਫਿਲਮਾਂ ਦਿਖਾਉਣ ਲਈ ਕਮਰਾ ਚਾਹੀਦਾ ਹੈ ਜਿਸ ਤੇ ਕਾਫੀ ਧਨ ਖਰਚ ਹੁੰਦਾ ਹੈ। ਸਾਡੇ ਸਕੂਲਾਂ ਦੀ ਆਰਥਿਕ ਹਾਲਤ ਇਤਨੀ ਸੁਧਰੀ ਹੋਈ ਨਹੀਂ ਹੈ ਕਿ ਹਰੇਕ ਪ੍ਰੋਜੈਕਟਰ ਖਰੀਦ ਸਕੇ। ਕੁਝ ਸਥਾਨਕ ਸਕੂਲ ਰਲ ਕੇ ਸਾਂਝਾ ਪ੍ਰੋਜੈਕਟਰ ਖਰੀਦ ਸਕਦੇ ਹਨ ਤੇ ਫਿਰ ਇਸ ਨੂੰ ਵਾਰੀ ਵਾਰੀ ਵਰਤ ਸਕਦੇ ਹਨ। ਲੋਕ ਸੰਪਰਕ ਵਿਭਾਗ ਦੀ ਸਹਾਇਤਾ ਲੈ ਕੇ ਵੀ ਫਿਲਮ ਸ਼ੋਅ ਕੀਤੇ ਜਾ ਸਕਦੇ ਹਨ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਸ ਸਾਧਨ ਦੀ ਵਰਤੋਂ ਤਾਂ ਅਸੀਂ ਕਰ ਸਕਦੇ ਹਾਂ ਪਰੰਤੂ ਲੋੜ ਹੈ ਚੰਗੇ ਸੁਸ਼ੀਲ ਤੇ ਮਿਹਨਤੀ ਅਧਿਆਪਕਾਂ ਦੀ ਜੋ ਇਹਨਾਂ ਦਾ ਯੋਗ ਪ੍ਰਬੰਧ ਕਰ ਸਕਣ।

### (ਖ) ਗ੍ਰਾਮਾਫੋਨ ਤੇ ਟੇਪ ਰਿਕਾਰਡਰ

ਗ੍ਰਾਮਾਫੋਨ ਵੀ ਸੁਣਨ ਦਾ ਇਕ ਸਾਧਨ ਹੈ। ਬੇਸ਼ਕ ਟੇਪ ਰਿਕਾਰਡ ਅਤੇ ਰੇਡੀਓ ਨੇ ਗ੍ਰਾਮਾਫੋਨ ਦੀ ਮਹਾਨਤਾ ਘਟਾ ਦਿੱਤੀ ਹੈ ਫਿਰ ਵੀ ਪਿੰਡਾਂ, ਕਸਬਿਆਂ ਵਿਚ ਜਿੱਥੇ ਅਜੇ ਰੇਡੀਓ ਨਹੀਂ ਪਹੁੰਚਿਆ ਤੇ ਬਿਜਲੀ ਦੀਆਂ ਸਹੂਲਤਾਂ ਵੀ ਨਹੀਂ ਉਥੇ ਆਮ ਤੌਰ ਤੇ ਗ੍ਰਾਮਾਫੋਲ ਹੀ ਵਰਤਿਆ ਜਾਂਦਾ ਹੈ। ਇਹ ਮਨੋਰੰਜਨ ਦਾ ਸਾਧਨ ਵੀ ਹੈ ਤੇ ਸਿੱਖਿਆ ਦਾ ਵੀ। ਮਾਤ ਭਾਸ਼ਾ ਦੀ ਸਿੱਖਿਆ ਲਈ ਗ੍ਰਾਮਾਫੋਨ ਦੀ ਵਰਤੋਂ ਕੀਤੀ ਜਾਂਦੀ ਹੈ। ਬੱਚਿਆਂ ਦੀ ਬੋਲਚਾਲ, ਉਚਾਰਨ, ਠੀਕ ਪੜ੍ਹਨ ਢੰਗ ਗ੍ਰਹਿਣ ਕਰਨ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬੀ ਪਾਸ਼ਾ ਵਿਚ ਬੱਚਿਆਂ ਦਾ ਉਚਾਰਨ ਵਿਦਵਾਨ ਲੋਕਾਂ ਦੀਆਂ ਤਕਰੀਰਾਂ ਨੂੰ ਰਿਕਾਰਡ ਕਰਕੇ ਜਮਾਤ ਵਿਚ ਸੁਣਾਇਆ ਜਾ ਸਕਦਾ ਹੈ। ਇਹ ਰਿਕਾਰਡ ਬੱਚਿਆਂ ਵਿਚ ਚੰਗੀਆਂ ਤਕਰੀਰਾਂ ਕਰਨ ਦੀ ਰੁਚੀ ਭਰਦੇ ਹਨ। ਚੰਗੇ ਸ਼ੁੱਧ ਤੇ ਕਲਾਮਈ ਭਾਸ਼ਨਾਂ ਰਾਹੀਂ ਵਿਦਿਆਰਥੀਆਂ ਦੀ ਭਾਸ਼ਾ ਯੋਗਤਾ ਵਿਚ ਵਾਧਾ ਹੁੰਦਾ ਹੈ। ਪੜ੍ਹਨ ਦੀ ਠੀਕ ਚਾਲ ਤੇ ਆਵਾਜ਼ ਉਤਾਰ ਚੜ੍ਹਾਅ ਇਸ ਰਾਹੀਂ ਸਿਖਾਇਆ ਜਾ ਸਕਦਾ ਹੈ। ਰੇਡੀਓ ਨਾਲੋਂ ਇਹ ਜ਼ਿਆਦਾ ਲਾਭਦਾਇਕ ਇਸ ਲਈ ਹੈ ਕਿ ਇਕ

ਵਾਰੀ ਭਰਿਆ ਰਿਕਾਰਡ ਜਦੋਂ ਚਾਹੀਦਾ ਹੋਵੇ ਚਲਾਇਆ ਜਾ ਸਕਦਾ ਹੈ।

ਟੇਪ ਰਿਕਾਰਡ ਦਾ ਖੇਤਰ ਗ੍ਰਾਮਾਫੋਨ ਨਾਲੋਂ ਵਿਸ਼ਾਲ ਹੈ। ਇਹ ਸਾਧਨ ਇਤਨੇ ਸਰਲ ਰੂਪ ਵਿਚ ਪ੍ਰਾਪਤ ਹੁੰਦਾ ਹੈ ਕਿ ਕੋਈ ਵੀ ਆਦਮੀ ਬਿਨਾ ਤਕਲੀਫ ਦੇ ਆਵਾਜ਼ ਰਿਕਾਰਡ ਕਰ ਸਕਦਾ ਹੈ। ਟੇਪ ਰਿਕਾਰਡ ਨੂੰ ਚਲਾਉਣ ਜਾਂ ਸੰਭਾਲਣ ਲਈ ਕਿਸੇ ਵਿਸ਼ੇਸ਼ ਯੋਗਤਾ ਦੀ ਲੋੜ ਨਹੀਂ ਹੁੰਦੀ। ਪਹਿਲਾਂ ਪਹਿਲ ਇਸ ਸਾਧਨ ਦੀ ਵਰਤੋਂ ਮਨੋਰੰਜਨ ਆਦਿ ਦੇ ਖੇਤਰ ਵਿਚ ਹੀ ਹੁੰਦੀ ਸੀ ਪਰ ਜਦੋਂ ਤੋਂ ਸਿੱਖਿਆ ਨੇ ਨਵੀਨ ਰੂਪ ਧਾਰਿਆ ਹੈ ਇਸ ਸਾਧਨ ਦੀ ਮਹੱਤਤਾ ਸਿੱਖਿਆ ਦੇ ਖੇਤਰ ਵਿਚ ਵਧੇਰੇ ਹੋਣ ਲੱਗੀ ਹੈ। ਟੇਪ ਰਿਕਾਰਡਰ ਨਾਲ ਔਖੇ ਪਾਠ ਰਿਕਾਰਡ ਕਰਕੇ ਦੋਬਾਰਾ ਵਰਤੋਂ ਵਿਚ ਲਿਆਂਦੇ ਜਾ ਸਕਦੇ ਹਨ। ਇਸ ਤਰ੍ਹਾਂ ਕਰਨ ਨਾਲ ਅਧਿਆਪਕ ਦੀ ਖੇਚਲ ਬਚ ਜਾਂਦੀ ਹੈ ਅਤੇ ਉਸ ਦੀ ਗੈਰ-ਹਾਜ਼ਰੀ ਵਿਚ ਵੀ ਸਿੱਖਿਆ ਦਾ ਕੰਮ ਜਾਰੀ ਰਹਿ ਸਕਦਾ ਹੈ। ਭਾਸ਼ਨਾਂ ਤੋਂ ਛੁੱਟ ਚੰਗੇ ਕੌਮੀ ਗੀਤ ਕਵਿਤਾਵਾਂ ਆਦਿ ਵੀ ਰਿਕਾਰਡ ਕਰਨੇ ਚਾਹੀਦੇ ਹਨ। ਇਸ ਦੀ ਸਹਾਇਤਾ ਨਾਲ ਬੱਚਿਆਂ ਨੂੰ ਗੀਤ ਯਾਦ ਕਰਵਾਏ ਜਾ ਸਕਦੇ ਹਨ। ਠੀਕ ਢੰਗ ਨਾਲ ਕਵਿਤਾ ਪਾਠ ਦੀ ਟਰੇਨਿੰਗ ਦਿੱਤੀ ਜਾ ਸਕਦੀ ਹੈ। ਕਦੀ ਕਦੀ ਬੱਚਿਆਂ ਦੇ ਗੀਤ ਅਤੇ ਉਹਨਾਂ ਦੇ ਨਿਕੇ ਨਿਕੇ ਭਾਸ਼ਣ ਵੀ ਰਿਕਾਰਡ ਕਰਨੇ ਚਾਹੀਦੇ ਹਨ। ਰਿਕਾਰਡ ਕੀਤੀ ਗਈ ਆਪਣੀ ਆਵਾਜ਼ ਨੂੰ ਸੁਣ ਕੇ ਉਹਨਾਂ ਨੂੰ ਬਹੁਤ ਖੁਸ਼ੀ ਹੁੰਦੀ ਹੈ ਤੇ ਉਹਨਾਂ ਦਾ ਉਤਸ਼ਾਹ ਵੱਧਦਾ ਹੈ।

**(ਗ) ਐਪੀਡਾਇਆਸਕੋਪ**

ਐਪੀਡਾਇਆਸਕੋਪ ਇਕ ਅਜਿਹਾ ਸਾਧਨ ਹੈ ਜਿਸ ਨਾਲ ਛੋਟੀ ਵਸਤੂ ਨੂੰ ਵੱਡੇ ਰੂਪ ਵਿਚ ਪਰਦੇ ਤੇ ਵਿਖਾਇਆ ਜਾ ਸਕਦਾ ਹੈ। ਐਪੀਡਾਇਆਸਕੋਪ ਸਲਾਈਡ ਪ੍ਰੋਜੈਕਟਰ ਦਾ ਇਕ ਸੁਧਾਰਿਆ ਰੂਪ ਹੈ। ਸਲਾਈਡ ਪ੍ਰੋਜੈਕਟਰ ਲਈ ਸਲਾਈਡਾਂ ਦੀ ਲੋੜ ਪੈਂਦੀ ਹੈ। ਇਹਨਾਂ ਸਲਾਈਡਾਂ ਨੂੰ ਜੇ ਬਾਹਰੋਂ ਖਰੀਦਿਆ ਜਾਵੇ ਤਾਂ ਸਕੂਲ ਦੀ ਮਾਲੀ ਹਾਲਤ ਤੇ ਬਹੁਤ ਅਸਰ ਪੈਂਦਾ ਹੈ ਇਹਨਾਂ ਨੂੰ ਜੇ ਸਕੂਲ ਵਿਚ ਬਣਾਇਆ ਜਾਵੇ ਤਾਂ ਵੀ ਕਾਫ਼ੀ ਸਮਾਂ, ਧਨ, ਖ਼ਰਚ ਹੋਣ ਦੀ ਸੰਭਾਵਨਾ ਹੁੰਦੀ ਹੈ। ਸਲਾਈਡਾਂ ਤਿਆਰ ਕਰਨ ਦੀ ਸਮੱਸਿਆ ਤੇ ਕਾਬੂ ਪਾਉਣ ਲਈ ਹੀ ਐਪੀਡਾਇਆਸਕੋਪ ਦੀ ਵਰਤੋਂ ਕੀਤੀ ਜਾਂਦੀ ਹੈ। ਬੁਣਾਈ ਦੇ ਨਮੂਨੇ ਸਬਜੀਆਂ ਜਾਂ ਫਲਾਂ ਦੀਆਂ ਕਿਸਮਾਂ ਤੇ ਹਿੱਸੇ, ਖਾਨਾਂ ਦੀਆਂ ਕਿਸਮਾਂ, ਮਨੁੱਖ ਦੇ ਵੱਖ-ਵੱਖ ਪਹਿਰਾਵਿਆਂ ਬਾਰੇ ਜਾਣਕਾਰੀ ਦੇਣ ਲਈ ਐਪੀਡਾਇਆਸਕੋਪ ਬੜਾ ਲਾਭਵੰਦ ਸਿੱਧ ਹੁੰਦਾ ਹੈ।

**(ਘ) ਲਿੰਗੂਆਫੋਨ**

ਇਹ ਗ੍ਰਾਮਾਫੋਨ ਦੀ ਇਕ ਕਿਸਮ ਹੈ। ਇਸ ਦੀ ਵਰਤੋਂ ਨਵੀਂ ਭਾਸ਼ਾ ਦੇ ਵੱਖ-ਵੱਖ ਪਹਿਲੂਆ ਬਾਰੇ ਜਾਣਕਾਰੀ ਦੇਣ ਵਾਸਤੇ ਕੀਤੀ ਜਾਂਦੀ ਹੈ। ਖਾਸ ਕਰਕੇ ਬੱਚਿਆਂ ਨੂੰ ਵਿਦੇਸ਼ੀ ਭਾਸ਼ਾਵਾਂ ਦਾ ਉਚਾਰਣ ਸਿਖਾਉਣ ਲਈ ਵਿਦੇਸ਼ੀ ਵਿਦਵਾਨਾ ਦੀ ਲੋੜ ਪੈਂਦੀ ਹੈ। ਪਰ ਵਿਦੇਸ਼ੀ ਲੋਕ ਥਾਂ ਥਾਂ ਤੇ ਹਰ ਮੌਕੇ ਤੇ ਨਹੀਂ ਪਹੁੰਚਾਏ ਜਾ ਸਕਦੇ। ਸੋ ਉਹਨਾਂ ਦੀ ਆਵਾਜ਼ ਨੂੰ ਰਿਕਾਰਡ ਦੇ ਰੂਪ ਵਿਚ ਕੰਟਰੋਲ ਕਰਕੇ ਬੱਚਿਆਂ ਨੂੰ ਜਮਾਤ ਵਿਚ ਸੁਣਾਇਆ ਜਾ ਸਕਦਾ ਹੈ। ਵਧੀਆ ਲਿੰਗੂਆਫੋਨ ਦੇ ਵਿਚ ਆਵਾਜ਼ ਵਿਚ ਰਿਕਾਰਡ ਕਰਨ ਦਾ ਸਾਧਨ ਲਗਾ ਹੁੰਦਾ ਹੈ। ਕਿਸੇ ਵੀ ਵੇਲੇ ਬੱਚਿਆਂ ਜਾਂ ਅਧਿਆਪਕਾਂ ਦੀ ਆਵਾਜ ਰਿਕਾਰਡ ਕਰਕੇ ਉਸ ਵੇਲੇ ਹੀ ਉਸ ਨੂੰ ਫੇਰ ਲਿੰਗੂਆਫੋਨ ਰਾਹੀਂ ਬੱਚਿਆਂ ਨੂੰ ਸੁਣਾਇਆ ਜਾ ਸਕਦਾ ਹੈ। ਜਿਹਨਾਂ ਵਿਦਿਆਰਥੀਆਂ ਦੀ ਬੋਲਣ ਦੀ ਵਿਧੀ ਨੁਕਸ ਭਰੀ ਹੈ, ਉਹਨਾਂ ਵਾਸਤੇ ਇਹ ਸਾਧਨ ਬੜਾ ਲਾਭਦਾਇਕ ਹੁੰਦਾ ਹੈ। ਹਰ ਸਕੂਲ ਵਿਚ ਲਿੰਗੂਆਫੋਨ ਜ਼ਰੂਰੀ ਹੋਣਾ ਚਾਹੀਦਾ ਹੈ। ਲਿੰਗੂਆਫੋਨ ਦੀ ਵਰਤੋਂ ਕਰਨ ਤੋਂ ਬਾਦ ਵਿਦਿਆਰਥੀਆਂ ਤੇ ਅਧਿਆਪਕ ਦਾ ਆਪਸ ਵਿਚ ਵਿਚਾਰ ਵਟਾਂਦਰਾ ਹੋਣਾ ਜ਼ਰੂਰੀ ਹੈ।

**(ਙ) ਵਿਦਿਅਕ ਭਰਮਣ**

ਵਿਦਿਆਰਥੀਆਂ ਦੀ ਸੋਚ ਅਤੇ ਰਵੱਈਏ ਨੂੰ ਪ੍ਰਭਾਵਿਤ ਕਰਨ ਲਈ ਵਿਦਿਅਕ ਭਰਮਣ ਬਹੁਤ ਲਾਭਦਾਇਕ ਹਨ। ਪੱਛਮੀ ਦੇਸ਼ਾਂ ਵਿਚ ਵਿਆਪਕ ਸੈਰ-ਸਪਾਟੇ ਪੜ੍ਹਨ ਦੇ ਪ੍ਰੋਗਰਾਮਾਂ ਦਾ ਜ਼ਰੂਰੀ ਹਿੱਸਾ ਹੁੰਦੇ ਹਨ। ਪ੍ਰੰਤੂ ਸਾਡੇ ਦੇਸ਼ ਵਿਚ ਇਹਨਾਂ ਦਾ ਜ਼ਿਆਦਾ ਰਿਵਾਜ਼ ਨਹੀਂ ਹੈ। ਪੂਰੇ ਸਾਲ ਵਿਚ ਇਕ ਅੱਧੀ ਵਾਰੀ ਹੀ ਬੱਚਿਆਂ ਨੂੰ ਸੈਰ-ਸਪਾਟੇ ਲਈ ਲਿਜਾਇਆ ਜਾਂਦਾ ਹੈ। ਫਿਰ ਵੀ ਇਸ ਭਰਮਣ ਨੂੰ ਵੱਧ ਭਰਪੂਰ ਤੇ

ਉਪਯੋਗੀ ਬਣਾਇਆ ਜਾਣਾ ਚਾਹੀਦਾ ਹੈ। ਸਾਡੇ ਵਿਦਿਆਰਥੀ ਕੇਵਲ ਮੌਜ ਮੇਲੇ ਵਾਸਤੇ ਹੀ ਬਾਹਰ ਜਾਂਦੇ ਹਨ ਵਿਦਿਅਕ ਲਾਭ ਪ੍ਰਾਪਤ ਨਹੀਂ ਕਰਦੇ। ਸੈਰ-ਸਪਾਟੇ ਕਈ ਕਿਸਮਾਂ ਦੇ ਹੋ ਸਕਦੇ ਹਨ ਜਿਵੇਂ :-

ਇਕ ਘੰਟੀ ਦੀ ਸੈਰ : ਇਸ ਵਿਚ ਇਕ ਘੰਟੀ ਲਈ ਜਮਾਤ ਤੋਂ ਬਾਹਰ ਕਿਸੇ ਹੋਰ ਥਾਂ ਤੇ ਜਾਇਆ ਜਾਂਦਾ ਹੈ। ਇਹ ਜਗ੍ਹਾ ਸਕੂਲ ਦੀ ਬਿਲਡਿੰਗ ਵਿਚ ਹੋ ਸਕਦੀ ਹੈ ਤੇ ਇਸ ਤੋਂ ਬਾਹਰ ਵੀ ਹੋ ਸਕਦੀ ਹੈ। ਇਸ ਲਈ ਵਿਦਿਆਰਥੀ ਸਥਾਨਕ ਫੈਕਟਰੀ, ਅਜਾਇਬ ਘਰ ਬੈਂਕ, ਕਾਲਜ, ਚਿੜੀਆ ਘਰ, ਅੱਗ ਬੁਝਾਉਣ ਦੇ ਦਫ਼ਤਰ, ਨਦੀ ਦੇ ਕਿਨਾਰੇ, ਇਤਿਹਾਸਕ ਸਥਾਨ ਆਦਿ ਨੂੰ ਦੇਖ ਸਕਦੇ ਹਨ।

ਇਕ ਦਿਨ ਦੀ ਸੈਰ : ਸੈਰ ਸਾਰੇ ਦਿਨ ਲਈ ਸਕੂਲ ਤੋਂ ਬਾਹਰ ਵੀ ਹੋ ਸਕਦੀ ਹੈ। ਇਸ ਲਈ ਵਿਦਿਆਰਥੀ ਸਥਾਨਕ ਫੈਕਟਰੀ, ਅਜਾਇਬ ਘਰ, ਬੈਂਕ, ਕਾਲਜ, ਚਿੜੀਆ ਘਰ, ਅੱਗ ਬੁਝਾਉਣ ਦੇ ਦਫ਼ਤਰ, ਨਦੀ ਦੇ ਕਿਨਾਰੇ, ਇਤਿਹਾਸਕ ਸਥਾਨ ਆਦਿ ਨੂੰ ਦੇਖ ਸਕਦੇ ਹਨ।

ਛੁੱਟੀਆਂ ਦੌਰਾਨ ਸੈਰ : ਇਸ ਦੀ ਯੋਜਨਾ ਛੁੱਟੀਆਂ ਵਿਚ ਜਾਣ ਲਈ ਬਣਾਈ ਜਾਂਦੀ ਹੈ।

ਸੈਰ ਉਤੇ ਜਾਣ ਤੋਂ ਪਹਿਲਾਂ ਇਸ ਬਾਰੇ ਪੂਰੀ ਯੋਜਨਾ ਤਿਆਰ ਕੀਤੀ ਜਾਣੀ ਚਾਹੀਦੀ ਹੈ। ਜਿਹੜੀਆਂ ਜਿਹੜੀਆਂ ਥਾਵਾਂ ਉਤੇ ਜਾਣ ਦਾ ਪ੍ਰੋਗਰਾਮ ਬਣਿਆ ਹੋਵੇ ਉਹਨਾਂ ਬਾਰੇ ਪਹਿਲਾਂ ਵਾਕਫੀਅਤ ਪ੍ਰਾਪਤ ਕਰ ਲੈਣੀ ਚਾਹੀਦੀ ਹੈ। ਅਧਿਆਪਕ ਆਪ ਉਹਨਾਂ ਸਥਾਨਾਂ ਦੀ ਮਹੱਤਤਾ ਉਤੇ ਭਾਸ਼ਣ ਦੇਣ। ਵਿਦਿਆਰਥੀ ਆਪਣੇ ਨਾਲ ਨੋਟ ਬੁੱਕਾਂ ਤੇ ਡਾਇਰੀਆਂ ਰੱਖਣ। ਜੋ ਕੁਝ ਵੇਖਣ ਉਹਨਾਂ ਬਾਰੇ ਸੰਖੇਪ ਵਿਚ ਨੋਟ ਜਾਰੀ ਕਰੀ ਜਾਣ। ਭਰਮਣ ਤੋਂ ਵਾਪਿਸ ਆ ਕੇ ਟੋਲੀ ਦੀਆਂ ਬੈਠਕਾਂ ਹੋਣ। ਵਿਦਿਆਰਥੀ ਆਪੋ ਆਪਣੇ ਨੋਟਾਂ ਦੀ ਦੂਸਰਿਆਂ ਨਾਲ ਤੁਲਨਾ ਕਰਨ। ਨਵੀਆਂ ਵੇਖੀਆਂ ਥਾਵਾਂ ਅਤੇ ਵਸਤੂਆਂ ਬਾਰੇ ਵਿਚਾਰ ਵਟਾਂਦਰੇ ਕੀਤੇ ਜਾਣ। ਅਧਿਆਪਕ ਇਸ ਪ੍ਰੋਗਰਾਮ ਵਿਚ ਇਕ ਸਰੋਤੇ ਵਜੋਂ ਸ਼ਾਮਲ ਹੋਵੇ। ਉਹ ਲੋੜ ਪੈਣ ਤੇ ਵਿਦਿਆਰਥੀਆਂ ਦੀ ਅਗਵਾਈ ਕਰੇ। ਉਹਨਾਂ ਦੀ ਬਹਿਸ ਨੂੰ ਠੀਕ ਸੇਧ ਦੇਵੇ। ਭਰਮਣ ਰਾਹੀਂ ਪ੍ਰਾਪਤ ਹੋਈ ਜਾਣਕਾਰੀ ਉਤੇ ਆਧਾਰਿਤ ਭਾਸ਼ਣ ਤਿਆਰ ਕੀਤੇ ਜਾਣ। ਲਿਖਤ ਰਚਨਾ ਕੀਤੀ ਜਾਵੇ। ਲੇਖ ਲਿਖ ਕੇ ਸਕੂਲ ਮੈਗਜ਼ੀਨ ਵਿਚ ਪ੍ਰਕਾਸ਼ਤ ਕੀਤੇ ਜਾਣ।

ਅਖਬਾਰਾਂ ਤੇ ਮੈਗਜ਼ੀਨ : ਅਖਬਾਰਾਂ ਤੇ ਮੈਗਜ਼ੀਨ ਵੀ ਸਿੱਖਿਆ ਦੇ ਲਾਭਵੰਦ ਸਾਧਨ ਹਨ। ਬੋਲੀ ਸਿੱਖਿਆ ਖੇਤਰ ਵਿਚ ਇਹਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਅਖ਼ਬਾਰਾਂ ਪੜ੍ਹਨ ਨਾਲ ਵਿਦਿਆਰਥੀਆਂ ਨੂੰ ਆਲੇ ਦੁਆਲੇ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਨਵੀਆਂ ਵਾਪਰੀਆਂ ਘਟਨਾਵਾਂ ਦੀ ਜਾਣਕਾਰੀ ਮਿਲਦੀ ਹੈ ਨਵੇਂ ਸ਼ਬਦਾਂ ਦੀ ਪਛਾਣ ਹੁੰਦੀ ਹੈ। ਅਖਬਾਰਾਂ ਰਸਾਲੇ ਪੜ੍ਹਨ ਨਾਲ ਬੱਚਿਆਂ ਦੀ ਬੋਲੀ ਯੋਗਤਾ ਵਿਚ ਵਾਧਾ ਹੁੰਦਾ ਹੈ। ਅਖਬਾਰਾਂ ਪੜ੍ਹਨ ਦਾ ਕੰਮ ਪੰਜਵੀਂ ਜਮਾਤ ਤੋਂ ਸ਼ੁਰੂ ਕਰਵਾਉਣਾ ਚਾਹੀਦਾ ਹੈ। ਬੋਲੀ ਸਿੱਖਿਆ ਦੇ ਕਈ ਅਭਿਆਸ ਅਖਬਾਰਾਂ ਨਾਲ ਸੰਬੰਧਿਤ ਕੀਤੇ ਜਾ ਸਕਦੇ ਹਨ। ਜਿਵੇਂ ਉੱਚੀ ਪਾਠ ਪੜ੍ਹਨ ਤੇ ਮੋਨ ਪਾਠ ਪੜ੍ਹਨ ਦੇ ਅਭਿਆਸ, ਖਬਰਾਂ ਅਤੇ ਸੰਪਾਦਕੀਆਂ ਦੇ ਸੰਖੇਪ ਸਾਰ ਤਿਆਰ ਕਰਨੇ, ਸਕੂਲ ਇਕੱਠ ਵਿਚ ਹਰ ਰੋਜ਼ ਖਬਰਾਂ ਸੁਣਾਉਣੀਆਂ, ਖ਼ਬਰਾਂ ਪੜ੍ਹ ਕੇ ਸਮਾਚਾਰ ਬੋਰਡ ਉਤੇ ਲਿਖਣੀਆਂ ਵੱਖ ਵੱਖ ਅਖਬਾਰਾਂ ਵਿਚੋਂ ਪੜ੍ਹੀਆਂ ਹੋਈਆਂ ਖਬਰਾਂ ਦਾ ਤੁਲਨਾਤਮਕ ਅਧਿਐਨ ਕਰਨਾ, ਅਖਬਾਰਾਂ ਤੋਂ ਖ਼ਬਰਾਂ ਚੁਣ ਕੇ ਵਾਦ ਵਿਵਾਦ ਕਰਾਉਣਾ ਨਾਟਕ ਕਹਾਣੀਆਂ ਅਤੇ ਕਵਿਤਾਵਾਂ ਰਾਹੀਂ ਸਾਹਿਤਕ ਸੁਆਦ ਪੂਰਾ ਕਰਨਾ, ਹਰ ਤਰ੍ਹਾਂ ਦੇ ਵਿਆਕਰਣਿਕ ਅਭਿਆਸ ਲਈ ਅਖ਼ਬਾਰਾਂ ਨੂੰ ਆਧਾਰ ਬਣਾਉਣਾ।

### 2.2.4 ਦਰਿਸ਼ਟੀ ਸਰੋਤ ਸਹਾਇਕ ਸਾਧਨਾਂ ਦੀ ਉਪਯੋਗੀ ਵਰਤੋਂ :

ਦਰਿਸ਼ਟੀ ਸਰੋਤ ਸਹਾਇਕ ਸਾਧਨਾਂ ਦੀ ਵਰਤੋਂ ਜ਼ਰੂਰੀ ਹੈ। ਕਿਉਂਕਿ ਇਹਨਾਂ ਦੀ ਵਰਤੋਂ ਨਾਲ ਪਾਠ ਜ਼ਿਆਦਾ ਦਿਲਚਸਪ ਤੇ ਸੌਖੇ ਬਣ ਜਾਂਦੇ ਹਨ। ਇਹਨਾਂ ਸਾਧਨਾਂ ਦੀ ਵਰਤੋਂ ਨਾਲ ਵਿਦਿਆਰਥੀਆਂ ਦਾ ਧਿਆਨ ਕੇਂਦਰਿਤ ਰਹਿੰਦਾ ਹੈ, ਜਮਾਤ ਵਿਚ ਅਨੁਸ਼ਾਸਨਹੀਣਤਾ ਪੈਦਾ ਨਹੀਂ ਹੁੰਦੀ। ਇਹ ਸਾਧਨ ਸਿੱਖਿਆ ਲਈ ਉਕਸਾਹਟ ਪੈਦਾ ਕਰਦੇ ਹਨ ਅਤੇ ਨਾਲ ਹੀ ਇਹਨਾਂ ਨਾਲ ਮਿਹਨਤ ਅਤੇ ਸਮੇਂ ਦੀ ਬਚਤ ਹੁੰਦੀ ਹੈ। ਭਾਵੇਂ ਸਹਾਇਕ ਸਾਧਨ ਬਹੁਤ ਉਪਯੋਗੀ ਹਨ ਪਰੰਤੂ ਫਿਰ ਵੀ ਇਹਨਾਂ ਦਾ ਪ੍ਰਯੋਗ ਬੜੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ। ਸਹਾਇਕ ਸਾਧਨ ਨੂੰ 'ਸਹਾਇਕ' ਸਥਾਨ ਹੀ ਮਿਲਣਾ ਚਾਹੀਦਾ ਹੈ, ਨਾ ਕਿ

ਮੁੱਖ ਸਥਾਨ। ਇਹ ਜ਼ਰੂਰੀ ਨਹੀਂ ਕਿ ਹਰੇਕ ਪਾਠ ਪੜਾਉਣ ਸਮੇਂ ਕੋਈ ਤਸਵੀਰ ਜਾਂ ਮਾਡਲ ਦੀ ਵਰਤੋਂ ਜ਼ਰੂਰੀ ਕੀਤੀ ਜਾਵੇ। ਸਗੋਂ ਇਹਨਾਂ ਦੀ ਵਰਤੋਂ ਉਦੋਂ ਕੀਤੀ ਜਾਵੇ ਜਦੋਂ ਕਿ ਇਹਨਾਂ ਦੀ ਜ਼ਰੂਰਤ ਹੋਵੇ। ਬੇਲੋੜੀ ਸਮੱਗਰੀ ਵਰਤਣ ਨਾਲ ਬੱਚਿਆਂ ਦਾ ਧਿਆਨ ਪਾਠ ਵਲੋਂ ਹੱਟ ਕੇ ਸਹਾਇਕ ਸਮੱਗਰੀ ਤੇ ਕੇਂਦਰਿਤ ਹੋ ਜਾਵੇਗਾ। ਇਉਂ ਸਹਾਇਕ ਸਮੱਗਰੀ ਲਾਭ ਪਹੁੰਚਾਉਣ ਦੀ ਥਾਂ ਹਾਨੀਕਾਰਕ ਸਿੱਧ ਹੋਵੇਗੀ।

ਦੇਖਣ-ਸੁਣਨ ਵਾਲੀ ਸਹਾਇਕ ਸਮੱਗਰੀ ਰਾਹੀਂ ਪੜ੍ਹਾਈ ਵਿਚ ਵਾਧਾ ਹੋ ਸਕਦਾ ਹੈ ਪਰ ਇਹ ਅਧਿਆਪਕ ਦਾ ਸਥਾਨ ਨਹੀਂ ਲੈ ਸਕਦੀ। ਜੇ ਪੜ੍ਹਾਉਣ ਵਿਚ ਕਮਜ਼ੋਰੀਆਂ ਹਨ ਤਾਂ ਸਹਾਇਕ ਸਮੱਗਰੀ ਕੋਈ ਮਦਦ ਨਹੀਂ ਕਰ ਸਕਦੀ। ਸਹਾਇਕ ਸਾਧਨਾਂ ਸੰਬੰਧੀ ਅਧਿਆਪਕ ਵਲੋਂ ਸੁਚੱਜੀ ਚੋਣ ਜ਼ਰੂਰੀ ਹੈ। ਸਹਾਇਕ ਸਮੱਗਰੀ ਦੀ ਚੋਣ ਕਰਨ ਸਮੇਂ ਬੱਚਿਆਂ ਦੀ ਰੁਚੀ, ਸੁਹਜ ਸੁਆਦ, ਮਾਨਸਿਕ ਪੱਧਰ ਅਤੇ ਪਾਠ ਦੀਆਂ ਵਿਸ਼ੇਸ਼ ਲੋੜਾਂ ਨੂੰ ਮੁੱਖ ਰੱਖਣਾ ਚਾਹੀਦਾ ਹੈ। ਸਹਾਇਕ ਸਾਧਨ ਨੇ ਕੇਵਲ ਪਾਠ ਨੂੰ ਸਪੱਸ਼ਟ ਅਤੇ ਸਮਝਣਯੋਗ ਨਹੀਂ ਬਣਾਉਣਾ ਸਗੋਂ ਉਸ ਨੂੰ ਰੌਚਿਕ ਵੀ ਬਣਾਉਣਾ ਹੈ। ਪਾਠ ਵਿਚ ਰੌਚਕਤਾ ਉਹ ਸਾਧਨ ਭਰ ਸਕੇਗਾ ਜਿਸ ਵਿਚ ਬੱਚਿਆਂ ਦੀ ਰੁਚੀ ਹੋਵੇਗੀ।

ਸਹਾਇਕ ਸਮੱਗਰੀ ਬਹੁਤ ਮਹਿੰਗੀ ਨਹੀਂ ਹੋਣੀ ਚਾਹੀਦੀ ਹੈ। ਸਹਾਇਕ ਸਮੱਗਰੀ ਦੀ ਕਦਰ ਉਸ ਦੀ ਬਹੁਤ ਕੀਮਤ ਕਰਕੇ ਨਹੀਂ ਸਗੋਂ ਉਸ ਦੀ ਉਪਯੋਗਤਾ ਕਰਕੇ ਹੋਣੀ ਚਾਹੀਦੀ ਹੈ। ਵਸਤੂਆਂ ਦੀ ਸੁੰਦਰਤਾ ਤੇ ਜ਼ਿਆਦਾ ਧਿਆਨ ਨਹੀਂ ਦੇਣਾ ਚਾਹੀਦਾ ਸਗੋਂ ਉਸ ਦਾ ਗੁਣ, ਉਸ ਦੀ ਠੀਕ ਵਰਤੋਂ ਦਾ ਮੁੱਲ ਹੋਣਾ ਚਾਹੀਦਾ ਹੈ। ਸਹਾਇਕ ਸਮੱਗਰੀ ਦੀ ਵਰਤੋਂ ਕਰਨ ਤੋਂ ਪਹਿਲਾਂ ਅਧਿਆਪਕ ਨੂੰ ਪੂਰੀ ਤਿਆਰੀ ਕਰਨੀ ਚਾਹੀਦੀ ਹੈ। ਪਾਠ ਵਿਚ ਵਰਤਣ ਵਾਲੇ ਸਾਰੇ ਸਮਾਨ ਨੂੰ ਪਹਿਲਾਂ ਹੀ ਤਿਆਰ ਕਰ ਲੈਣਾ ਚਾਹੀਦਾ ਹੈ। ਅਧਿਆਪਕ ਨੂੰ ਸਹਾਇਕ ਸਮੱਗਰੀ ਵਰਤਣ ਦੀ ਜਾਂਚ ਆਉਣੀ ਚਾਹੀਦੀ ਹੈ। ਚਾਰਟ ਜਾਂ ਤਸਵੀਰਾਂ ਅਜਿਹੀ ਜਗ੍ਹਾ ਤੇ ਲਗਾਉਣੇ ਚਾਹੀਦੇ ਹਨ ਜਿਥੇ ਸਭ ਬੱਚਿਆਂ ਨੂੰ ਚੰਗੀ ਤਰ੍ਹਾਂ ਨਜ਼ਰ ਆ ਸਕਣ। ਅਧਿਆਪਕ ਨੂੰ ਸਹਾਇਤਾ ਸਮੱਗਰੀ ਦੇ ਉਦੇਸ਼ ਬਾਰੇ ਪੂਰਨ ਸਪੱਸ਼ਟਤਾ ਹੋਣੀ ਚਾਹੀਦੀ ਹੈ। ਜਿਥੋਂ ਤਕ ਹੋ ਸਕੇ ਸਹਾਇਕ ਸਮੱਗਰੀ ਵਿਚ ਮੌਲਿਕਤਾ ਅਤੇ ਨਵੀਨਤਾ ਭਰੀ ਜਾਵੇ। ਬੱਚਿਆਂ ਨੂੰ ਉਹੀ ਚੀਜ਼ਾ ਦਿਖਾਉਣੀਆਂ ਚਾਹੀਦੀਆਂ ਹਨ ਜੋ ਉਹਨਾਂ ਨੂੰ ਜੀਵਨ ਵਿਚ ਸਾਧਾਰਨ ਤੌਰ ਤੇ ਦੇਖਣ ਦਾ ਮੌਕਾ ਨਹੀਂ ਮਿਲਦਾ। ਉਹਨਾਂ ਦੀਆਂ ਜਾਣੀਆਂ ਪਛਾਣੀਆਂ ਵਸਤੂਆਂ ਨੂੰ ਮਾਡਲ ਦੇ ਰੂਪ ਵਿਚ ਪੇਸ਼ ਕਰਨ ਦਾ ਕੋਈ ਮਨੋਰਥ ਨਹੀਂ।

ਮਾਤ ਭਾਸ਼ਾ ਦੀ ਸਿੱਖਿਆ ਲਈ ਦਰਿਸ਼ਟੀ ਸਰੋਤ ਸਹਾਇਕ ਸਾਧਨ ਬੜੇ ਹੀ ਉਪਯੋਗੀ ਹਨ। ਬੱਚਿਆਂ ਨੂੰ ਠੀਕ ਪੜ੍ਹਨਾਂ ਸਿਖਾਉਣਾ ਬੱਚਿਆਂ ਦੀ ਬੋਲ ਚਾਲ, ਉਚਾਰਨ ਆਦਿ ਠੀਕ ਕਰਨ ਲਈ ਟੇਪ ਰਿਕਾਰਡ, ਲਿੰਗੂਆਫੋਨ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੱਚਿਆਂ ਨੂੰ ਪੜ੍ਹਨਾ-ਸਿਖਣ, ਜੁਬਾਨੀ ਲੇਖ ਰਚਨਾ ਤੇ ਲਿਖਤੀ ਲੇਖ ਰਚਨਾ ਦੇ ਅਭਿਆਸ ਫਿਲਮਾਂ ਰਾਹੀਂ ਦਿੱਤੇ ਜਾ ਸਕਦੇ ਹਨ ਕਵਿਤਾ ਵਿਚਲੇ ਸੂਖਮ ਭਾਵਾਂ ਨੂੰ ਸਮਝਣ ਲਈ ਫਿਲਮ ਦਾ ਪ੍ਰਯੋਗ ਕਰਨਾ ਅਤਿਅੰਤ ਲਾਭਦਾਇਕ ਸਿੱਧ ਹੋ ਸਕਦਾ ਹੈ।

**2.2.4 ਸਾਰ:**

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਮਾਤਾ-ਭਾਸ਼ਾ ਦੀ ਸਿੱਖਿਆ ਵਿਚ ਦਰਿਸ਼ਟੀ ਸਰੋਤ ਸਹਾਇਕ ਸਾਧਨ ਇਕ ਮਹੱਤਵਪੂਰਣ ਰੋਲ ਅਦਾ ਕਰਦੇ ਹਨ। ਜ਼ਰੂਰਤ ਇਸ ਗੱਲ ਦੀ ਹੈ ਕਿ ਇਹਨਾਂ ਦੀ ਵਰਤੋਂ ਠੀਕ ਸਮੇਂ ਕੀਤੀ ਜਾਵੇ। ਸਹਾਇਕ ਸਾਧਨਾਂ ਦੀ ਠੀਕ ਚੋਣ ਕਰਨਾ ਵੀ ਅਧਿਆਪਕ ਦਾ ਕਰਤੱਵ ਹੈ। ਕਿਸੀ ਵੀ ਸਾਧਨ ਦੀ ਵਰਤੋਂ ਬੇਲੋੜ ਨਹੀਂ ਕਰਨੀ ਚਾਹੀਦੀ। ਅਸਲ ਵਿਚ ਇਹਨਾਂ ਦੀ ਵਰਤੋਂ ਪਾਠ ਨੂੰ ਪ੍ਰਭਾਵਸ਼ਾਲੀ ਅਤੇ ਦਿਲਚਸਪ ਬਣਾਉਣ ਲਈ ਹੀ ਕਰਨੀ ਚਾਹੀਦੀ ਹੈ। ਕਿਸੇ ਵੀ ਤਰ੍ਹਾਂ ਇਹਨਾਂ ਨੂੰ ਅਧਿਆਪਕ ਦੀ ਥਾਂ ਨਹੀਂ ਦਿੱਤੀ ਜਾ ਸਕਦੀ। ਬੇਲੋੜੀ ਸਮੱਗਰੀ ਵਰਤਣ ਨਾਲ ਬੱਚਿਆਂ ਦਾ ਧਿਆਨ ਪੜ੍ਹਾਈ ਵਲੋਂ ਹੱਟ ਕੇ ਸਮੱਗਰੀ ਤੇ ਕੇਂਦਰਤ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਸਹਾਇਕ ਸਮੱਗਰੀ ਲਾਭ ਪਹੁੰਚਾਉਣ ਦੀ ਥਾਂ ਹਾਨੀਕਾਰਕ ਸਿੱਧ ਹੁੰਦੀ ਹੈ।

**2.2.6 ਸੁਝਾਏ ਪ੍ਰਸ਼ਨ**

1. ਰੇਡੀਓ, ਟੇਪ ਰਿਕਾਰਡ ਤੇ ਟੈਲੀਵੀਜ਼ਨ, ਮਾਤ ਭਾਸ਼ਾ ਦੀ ਸਿੱਖਿਆ ਵਿਚ ਕਿਵੇਂ ਸਹਾਇਕ ਹੋ ਸਕਦੇ ਹਨ।
2. ਮਾਡਲਾਂ ਦੀ ਵਰਤੋਂ, ਵਿਦਿਅਕ ਭਰਮਣ, ਬਲੈਕ ਬੋਰਡ ਤੇ ਨੋਟ ਲਿਖੋ ?
3. ਦੇਖਣ, ਸੁਣਨ ਅਤੇ ਦੇਖਣ-ਸੁਣਨ ਵਾਲੇ ਦ੍ਰਿਸ਼ਟੀ ਸਰੋਤ ਸਹਾਇਕ ਸਾਧਨਾਂ ਦੀ ਵਰਤੋਂ ਬਾਰੇ ਵਿਸਤਾਰ ਪੂਰਵਕ ਲਿਖੋ।

**2.2.7 ਸੁਝਾਏ ਪੁਸਤਕ ਸੂਚੀ**


ਆਹੂਜਾ, ਰੌਸ਼ਨ ਲਾਲ – ਮਾਤ ਭਾਸ਼ਾ ਦੀ ਸਿੱਖਿਆ

ਭਾਟੀਆ, ਸੰਤ ਸਿੰਘ – ਮਾਤ ਭਾਸ਼ਾ ਦੀ ਸਿੱਖਿਆ

ਸ਼ਰਮਾ, ਟੀ.ਆਰ. – ਮਾਤ ਭਾਸ਼ਾ ਦੀ ਸਿੱਖਿਆ

ਡਾ. ਹਰਚੰਦ ਸਿੰਘ ਬਰਾੜ – ਮਾਤ ਭਾਸ਼ਾ ਦੀ ਸਿੱਖਿਆ

ਡਾ. ਜਸਵੰਤ ਸਿੰਘ ਜੱਸ – ਮਾਤ ਭਾਸ਼ਾ ਦੀ ਸਿੱਖਿਆ ਵਿਧੀ

ਡਾ. ਰਘੂਨਾਥ ਸਫਾਇਆ – ਮਾਤ ਭਾਸ਼ਾ ਦੀ ਸਿੱਖਿਆ

**ਪਾਠ ਨੰ: 2.3**

## ਮਾਤ-ਭਾਸ਼ਾ ਸਿੱਖਿਆ ਦਾ ਮੁਲਾਂਕਣ

2.3.0 ਪਾਠ ਦੀ ਬਣਤਰ
2.3.1 ਉਦੇਸ਼
2.3.2 ਜਾਣ-ਪਛਾਣ
2.3.3 ਮੁਲਾਂਕਣ ਦੇ ਢੰਗ
2.3.4 ਪੰਜਾਬੀ ਦੀ ਵਰਤਮਾਨ ਪ੍ਰਕਿਰਿਆ ਨਾਲ ਸੰਬੰਧਿਤ ਸਮੱਸਿਆਵਾਂ
2.3.5 ਨਿਰੰਤਰ ਅਤੇ ਸਮੁੱਚੇ ਮੁਲਾਂਕਣ ਦਾ ਸੰਕਲਪ ਵਿਧੀਆਂ ਅਤੇ ਸਮੱਸਿਆਵਾਂ
2.3.6 ਸਾਰ
2.3.7 ਸੁਝਾਏ ਪ੍ਰਸ਼ਨ
2.3.8 ਸੁਝਾਈ ਪੁਸਤਕ ਸੂਚੀ

**2.3.1 ਉਦੇਸ਼:** ਇਹ ਪਾਠ ਪੜ੍ਹਨ ਤੋ ਬਾਅਦ ਵਿਦਿਆਰਥੀ ਜਾਣ ਸਕਣਗੇ ਕਿ:

1) ਮਾਤ ਭਾਸ਼ਾ ਸਿੱਖਿਆ ਦਾ ਮੁਲਾਂਕਣ ਕੀ ਹੈ।
2) ਮਾਤ ਭਾਸ਼ਾ ਸਿੱਖਿਆਂ ਮੁਲਾਂਕਣ ਦੇ ਕਿਹੜੇ ਕਿਹੜੇ ਢੰਗ ਹਨ।
3) ਮਾਤ ਭਾਸ਼ਾ ਸਿੱਖਿਆਂ ਮੁਲਾਂਕਣ ਵਿੱਚ ਕੀ ਸਮੱਸਿਆਵਾਂ ਹਨ।
4) ਨਿਰੰਤਰ ਅਤੇ ਸਮੁੱਚਾ ਮੁਲਾਂਕਣ ਦਾ ਸੰਕਲਪ ਕੀ ਹੈ।

**2.3.2 ਜਾਣ-ਪਛਾਣ:**

ਸਿੱਖਿਆ ਅਤੇ ਮੁਲਾਕਣ, ਦੋਵੇਂ ਪ੍ਰਤੀ-ਕ੍ਰਿਆਵਾਂ ਦਾ ਆਪਸ ਵਿਚ ਨਹੁੰ-ਮਾਸ ਦਾ ਸੰਬੰਧ ਹੈ। ਸੰਸਾਰ ਦੇ ਹਰ ਇਕ ਪ੍ਰਾਣੀ ਨੂੰ ਜੀਵਨ ਵਿਚ ਮੁਲਾਂਕਣ ਦੀ ਆਵਸ਼ਕਤਾ ਪੈਂਦੀ ਹੈ, ਪਰ ਸਿੱਖਿਆ ਦੇ ਖੇਤਰ ਵਿਚ ਇਸ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਜੇਕਰ ਅਸੀਂ ਭਾਰਤੀ ਸਿੱਖਿਆ ਪ੍ਰਣਾਲੀ ਉਪਰ ਝਾਤ ਮਾਰੀਏ ਤਾਂ ਗਿਆਤ ਹੁੰਦਾ ਹੈ ਕਿ ਮੁਲਾਂਕਣ ਆਦਿ ਕਾਲ ਤੋਂ ਸਿੱਖਿਆ ਦੇ ਖੇਤਰ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਿਤ ਸੀ। ਬੱਚੇ ਨੂੰ ਸਕੂਲ ਵਿਚ ਦਾਖਲ ਕਰਨ ਸਮੇਂ ਉਸਦੀ ਯੋਗਤਾ ਦੀ ਪਰਖ ਕਰਨ ਲਈ ਕਮੇਟੀ ਸਥਾਪਤ ਕੀਤੀ ਜਾਂਦੀ ਹੈ ਜੋ ਉਸਦੀਆਂ ਪ੍ਰਾਪਤੀਆਂ ਅਤੇ ਅਨੁਭਵ ਦਾ ਮੁਨਾਕਣ ਕਰਕੇ ਹੀ ਉਸਦੀ ਨਿਯੁਕਤੀ ਕਰਦੀ ਹੈ।

ਮੁਲਾਂਕਣ ਦਾ ਅਰਥ ਕਿਸੇ ਕੰਮ ਜਾਂ ਵਸਤੂ ਦੀ ਜਾਂਚ ਕਰਨਾ, ਉਸ ਨੂੰ ਮਾਪਣਾ ਹੈ। ਸਿੱਖਿਆ ਦੇ ਖੇਤਰ ਵਿਚ ਵਿਦਿਆਰਥੀ ਦੀ ਪ੍ਰਾਪਤੀ ਤੇ ਪ੍ਰਗਤੀ ਦੀ ਪਰਖ ਕਰਨ ਦੀ ਵਿਧੀ ਨੂੰ ਮੁਲਾਕਣ ਆਖਦੇ ਹਨ। ਮਾਤ ਭਾਸ਼ਾ ਪੰਜਾਬੀ ਦੀ ਸਿੱਖਿਆ ਦੇ ਖੇਤਰ ਵਿਚ ਇਹ ਜਾਣਨਾ ਲਾਜ਼ਮੀ ਹੋ ਜਾਂਦਾ ਹੈ ਕਿ ਪੜ੍ਹਾਏ ਗਏ ਵਿਸ਼ੇ ਨੂੰ ਬੱਚੇ ਨੇ ਕਿੰਨਾ ਕੁ ਸਮਝਿਆ ਹੈ। ਇਹ ਕੇਵਲ ਉਸ ਵਿਸ਼ੇਸ਼ ਵਿਸ਼ੇ ਦੀ ਸਹੀ ਪੱਧਰ ਦੇ ਗਿਆਨ ਦੀ ਜਾਂਚ ਹੀ ਨਹੀਂ ਸਗੋਂ ਬੱਚੇ ਦੇ ਸਰਬ ਪੱਖੀ ਵਿਕਾਸ ਦਾ ਮਾਪ ਹੁੰਦਾ ਹੈ। ਇਸ ਵਿਚ ਵਿਦਿਅਕ ਪ੍ਰਾਪਤੀ ਦੀ ਪਰਖ, ਵਿਵਹਾਰ ਪਰਖ, ਕਾਰਜਸ਼ੀਲਤਾ ਦੀ ਪਰਖ, ਰੁਚੀ ਦੀ ਪਰਖ ਆਦਿ ਹਰੇਕ ਪ੍ਰਕਾਰ ਦਾ ਮਾਪ ਸ਼ਾਮਲ ਹੈ। ਇਸ ਵਿਚ ਸ਼ਿਖਸ਼ਣ ਤੇ ਮੰਤਵ ਸ਼ਿਖਸ਼ਣ ਦੀਆਂ ਵਿਧੀਆਂ ਤੇ ਸ਼ਿਖਸ਼ਣ ਉਦੇਸ਼ਾਂ ਦੀਆਂ ਪ੍ਰਾਪਤੀਆਂ ਵੀ ਸ਼ਾਮਲ ਹੁੰਦੀਆਂ ਹਨ। ਮੁਲਾਂਕਣ, ਸਿੱਖਿਆ ਦੇ ਉਦੇਸ਼ਾਂ ਦੀ ਪਰਖ ਅਤੇ ਉਨ੍ਹਾਂ ਤੱਕ ਪੁੱਜਣ ਦੇ ਸਾਧਨਾ ਅਤੇ ਯਤਨਾ ਦੀ ਵੀ ਜਾਂਚ ਕਰਦਾ ਹੈ। ਸੰਖੇਪ ਵਿਚ ਇੰਝ ਹੀ ਕਹਿ ਸਕਦੇ ਹਾਂ ਕਿ ਸਿੱਖਿਆ ਕਾਰਜ ਕਰਮ ਨੇ ਸਿੱਖਿਆ ਦੇ ਉਦੇਸ਼ਾਂ ਦੀ ਕਿੰਨੀ ਕੁ ਪੂਰਤੀ ਕੀਤੀ ਹੈ, ਬਾਰੇ ਜਾਣਨਾ ਹੀ ਮੁਲਾਂਕਣ ਹੈ।

2.3.3 **ਮੁਲਾਂਕਣ ਦੇ ਢੰਗ:**

ਅਜੋਕੀ ਪ੍ਰੀਖਿਆ ਪ੍ਰਣਾਲੀ ਦੇ ਦੋਸ਼ਾਂ ਨੂੰ ਵੇਖ ਕੇ ਇਹ ਗਿਆਤ ਹੁੰਦਾ ਹੈ ਕਿ ਕੋਈ ਇਕ ਵਿਧੀ, ਮੁਲਾਂਕਣ ਦੇ ਉਦੇਸ਼ਾਂ ਦੀ ਪੂਰਤੀ ਨਹੀਂ ਕਰਦੀ ਮਾਤ ਭਾਸ਼ਾ ਦੀਆਂ ਯੋਗਤਾਵਾਂ ਦਾ ਹੇਠ ਲਿਖੇ ਪੰਜ ਸਾਧਨਾ ਰਾਹੀਂ ਮੁਲਾਂਕਣ ਕਰਨਾ ਚਾਹੀਦਾ ਹੈ।

ਮਾਤ ਭਾਸ਼ਾ ਦੀਆਂ ਯੋਗਤਾਵਾਂ ਦਾ ਮੁਲਾਂਕਣ

| | | | | |
|---|---|---|---|---|
| ਮੌਖਿਕ ਪ੍ਰੀਖਿਆ | ਦੈਨਿਕ ਕੰਮ ਦਾ ਲੇਖਾ ਜੋਖਾ | ਨਿਬੰਧਾਤਮਕ ਪ੍ਰਸ਼ਨ | ਲਘੂ ਉਤਰ ਪ੍ਰਸ਼ਨ | ਵਸਤੂਗਤ ਪ੍ਰਸ਼ਨ |

**ਮੌਖਿਕ ਪ੍ਰੀਖਿਆ** : ਬੱਚੇ ਦੇ ਉਚਾਰਣ ਦੀ ਸ਼ੁਧਤਾ ਤੇ ਆਤਮ-ਪ੍ਰਕਾਸ਼ਨ ਦੀ ਦ੍ਰਿਸ਼ਟੀ ਤੋਂ ਮਾਤ ਭਾਸ਼ਾ ਦੇ ਮੁਲਾਂਕਣ ਵਿਚ ਮੌਖਿਕ ਪ੍ਰੀਖਿਆ ਦਾ ਇਕ ਮਹੱਤਵਪੂਰਨ ਸਥਾਨ ਹੈ। ਅਜੋਕੀ ਪ੍ਰਨਾਲੀ ਵਿਚ ਮੌਖਿਕ ਪ੍ਰੀਖਿਆ ਦਾ ਯੋਗ ਸਥਾਨ ਨਾ ਹੋਣ ਕਾਰਨ, ਆਮ ਤੌਰ ਤੇ ਵੇਖਿਆ ਗਿਆ ਹੈ ਕਿ ਵਿਸ਼ਵ ਵਿਦਿਆਲੇ ਵਿਚ ਪਹਿਲੇ ਨੰਬਰ ਤੇ ਆਉਣ ਵਾਲੇ ਵਿਦਿਆਰਥੀ ਮੌਖਿਕ ਆਤਮਕ-ਪ੍ਰਕਾਸ਼ਨ ਵਿਚ ਘਬਰਾ ਜਾਂਦੇ ਹਨ।

ਹਰ ਇਕ ਸ਼੍ਰੇਣੀ ਦੀ ਪ੍ਰੀਖਿਆ ਵਿਚ ਮੌਖਿਕ ਪ੍ਰੀਖਿਆ ਲਈ ਕੁਝ ਅੰਕ ਨੀਯਤ ਹੋਣੇ ਚਾਹੀਦੇ ਹਨ। ਤਦ ਹੀ ਬੱਚੇ ਮੌਖਿਕ ਕਾਰਜ ਵਿਚ ਰੁਚੀ ਲੈ ਸਕਣਗੇ। ਇਸ ਤਰ੍ਹਾਂ ਉਹ ਚੰਗੀ ਤਰ੍ਹਾਂ ਪੜ੍ਹਨਾ, ਭਾਵ ਅਨੁਸਾਰ ਬੋਲਣਾ, ਭਾਸ਼ਣ ਦੇਣਾ, ਰਸਮਈ ਕਵਿਤਾ ਦੀ ਅਨੁਭਤੀ ਕਰਵਾਉਣ ਲਈ ਸਫਲ ਹੋ ਸਕਣਗੇ।

ਵਿਦਿਆਰਥੀ ਦੀਆਂ ਭਾਸ਼ਾ ਦੀਆਂ ਯੋਗਤਾਵਾਂ ਦੇ ਮੁਲਾਂਕਣ ਲਈ ਲਿਖਤੀ ਸਾਧਨਾਂ ਵਿਚ ਮੁਖ ਤੌਰ ਤੇ ਤਿੰਨ ਤਰ੍ਹਾਂ ਦੇ ਪ੍ਰਸ਼ਨ ਸ਼ਾਮਲ ਕੀਤੇ ਜਾਂਦੇ ਹਨ :-

(1) **ਨਿਬੰਧਾਤਮਕ ਪ੍ਰਸ਼ਨ** : ਇਨ੍ਹਾਂ ਪ੍ਰਸ਼ਨਾਂ ਦੀ ਗਿਣਤੀ ਘੱਟ ਹੁੰਦੀ ਹੈ ਆਮ ਕਰਕੇ ਵਿਦਿਆਰਥੀਆਂ ਦੇ ਗਿਆਨ ਤੇ ਲਿਖਤੀ ਪ੍ਰਗਟਾਅ ਦੀਆਂ ਯੋਗਤਾਵਾਂ ਦੇ ਮੁਲਾਂਕਣ ਲਈ ਵਰਤੇ ਜਾਂਦੇ ਹਨ। ਲਿਖਤੀ ਪ੍ਰਸ਼ਨ ਪੱਤਰ ਵਿਚ 'ਲੇਖ ਰਚਨਾ' ਵਾਰਤਕ ਦੇ ਪਾਠਾਂ ਵਾਰੇ ਵੱਡੇ ਪ੍ਰਸ਼ਨ ਆਦਿ ਇਸ ਸ਼੍ਰੇਣੀ ਵਿਚ ਆਉਂਦੇ ਹਨ। ਉੱਤਰ ਦੀ ਸੀਮਾ 250 ਸ਼ਬਦਾਂ ਤੋਂ ਵੱਧ ਹੁੰਦੀ ਹੈ।

(2) **ਲਘੂ ਉੱਤਰ ਪ੍ਰਸ਼ਨ** : ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਘੱਟ ਸ਼ਬਦਾਂ ਵਿਚ (ਲਗਭਗ 60 ਤੋਂ 100) ਦਿਤੇ ਜਾਂਦੇ ਹਨ ਤੇ ਇਹ ਪ੍ਰਸ਼ਨ ਵਿਦਿਆਰਥੀਆਂ ਦੀ ਅਰਥ ਗ੍ਰਹਿਣ ਯੋਗਤਾ ਤੇ ਪ੍ਰਸੰਸਾਂ ਦੀ ਪਰਖ ਲਈ ਉਪਯੋਗੀ ਮੰਨੇ ਜਾਂਦੇ ਹਨ।

ਪੈਰਾ ਰਚਨਾ, 'ਸੰਖੇਪ ਰਚਨਾ', ਅਣਡਿੱਠੇ ਪੈਰੇ ਬਾਰੇ ਪ੍ਰਸ਼ਨਾਂ 'ਕਵਿਤਾ/ਕਹਾਣੀ ਦਾ ਸਾਰ', ਕਿਸੇ ਦਾ ਪਾਤਰ ਚਿਤਰਨ, ਪ੍ਰਸੰਗ ਸਹਿਤ ਵਿਆਖਿਆ, ਕਾਵਿ ਸਰਿਤਾ ਦੀ ਵਿਆਖਿਆ ਆਦਿ ਪ੍ਰਸ਼ਨ ਇਸ ਵੰਨਗੀ ਦੇ ਹਨ। ਇਨ੍ਹਾਂ ਪ੍ਰਸ਼ਨਾ ਦੀ ਵਰਤੋਂ ਲਾਜ਼ਮੀ ਤੌਰ ਤੇ ਹੋਣੀ ਚਾਹੀਦੀ ਹੈ। ਇਨ੍ਹਾਂ ਦੀ ਗਿਣਤੀ ਨਿਬੰਧਾਤਮਕ ਪ੍ਰਸ਼ਨਾਂ ਤੋਂ ਵੱਧ ਪਰ ਵਸਤੂ ਨਿਸ਼ਟ ਪ੍ਰਸ਼ਨਾਂ ਦੀ ਗਿਣਤੀ ਤੋਂ ਘੱਟ ਹੁੰਦੀ ਹੈ।

(3) **ਵਸਤੂ ਨਿਸ਼ਟ ਪ੍ਰਸ਼ਨ** : ਅਨੇਕਾਂ ਵੰਨਗੀਆਂ ਦੇ ਹੋ ਸਕਦੇ ਹਨ। ਇਨ੍ਹਾਂ ਪ੍ਰਸ਼ਨਾਂ ਉਪਰ ਸਭ ਤੋਂ ਵੱਧ ਭਰੋਸਾ ਕੀਤਾ ਜਾ ਸਕਦਾ ਹੈ ਤੇ ਇਹ ਪ੍ਰਸ਼ਨ ਹੀ ਮੁਲ ਅੰਕਣ ਪ੍ਰਣਾਲੀ ਨੂੰ ਵਿਸਤ੍ਰਿਤ ਸਰੂਪ ਪ੍ਰਦਾਨ ਕਰਦੇ ਹਨ। ਇਨ੍ਹਾਂ ਦੀ ਗਿਣਤੀ ਕਾਫ਼ੀ ਹੋ ਸਕਦੀ ਹੈ।

ਵਸਤੂ ਨਿਸ਼ਟ ਪ੍ਰਸ਼ਨਾਂ ਦੀ ਵਰਤੋਂ ਪਾਠ ਸਮੱਗਰੀ ਬਾਰੇ ਗਿਆਨ ਦੇ ਪੱਖਾਂ ਦਾ ਮੁਲਾਂਕਣ ਕਰਨ ਲਈ ਸਭ ਤੋਂ ਵੱਧ ਉਪਯੋਗੀ ਮੰਨੀ ਗਈ ਹੈ।

ਮਾਤ ਭਾਸ਼ਾ ਦੀ ਨਿਬੰਧਾਤਮਕ ਪ੍ਰੀਖਿਆ ਦੇ ਸ਼ਬਦ ਪਿਛਲੇ ਪੰਨਿਆਂ ਤੇ ਅਨੇਕਾ ਔਗੁਣ ਦਸ ਆਏ ਹਨ ਪਰ ਫਿਰ ਵੀ ਮਾਤ ਭਾਸ਼ਾ ਦੇ ਵਿਦਿਆਰਥੀ ਦੇ ਸ਼ਬਦ ਭੰਡਾਰ, ਸ਼ਬਦ ਸ਼ੈਲੀ, ਤਰਕਸ਼ੀਲ-ਅਲੋਚਨਾ, ਸ਼ਕਤੀ ਦੀ ਪਰਖ ਕਰਨ ਲਈ ਇਹ ਜ਼ਰੂਰੀ ਹੈ। ਇਹ ਪ੍ਰੀਖਿਆ ਵਿਧੀ ਆਤਮ ਅਭਿਵਿਅਕਤੀ ਦਾ ਇਕ ਵਧੀਆ ਮਾਧਿਅਮ ਹੈ। ਸੁੰਦਰ ਨਿਬੰਧ, ਤਰਕ ਪੂਰਨ ਅਲੋਚਨਾ, ਪੁਸਤਕਾਂ ਦੀ ਸਮੀਖਿਆ, ਜੀਵਨ ਆਦਿ ਲਿਖਣ ਅਤੇ ਸਿਖਣ ਦਾ ਮਾਧਿਅਮ ਨਿਬੰਧਾਤਮਕ ਪ੍ਰਸ਼ਨ ਹਨ। ਸੰਗਠਨ ਵਿਵੇਚਨ ਵਿਚ ਵੀ ਨਿਬੰਧਾਤਮਕ

ਪ੍ਰੀਖਿਆ ਦਾ ਯੋਗਦਾਨ ਹੈ, ਪਰ ਪ੍ਰਚਲਿਤ ਨਿਬੰਧਾਤਮਕ ਪ੍ਰੀਖਿਆ ਵਿਚ ਕੁਝ ਸੁਧਾਰ ਕਰਨੇ ਜ਼ਰੂਰੀ ਹਨ।

**ਪ੍ਰਸ਼ਨ ਪੱਤਰ ਸੰਬੰਧੀ ਸੁਧਾਰ** : ਪ੍ਰੀਖਿਆ ਨੂੰ ਪ੍ਰਸ਼ਨ ਪੱਤਰ ਤਿਆਰ ਕਰਨ ਸਮੇਂ ਇਸ ਪਾਸੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਕਿ ਰੱਟੇ ਹੋਏ ਪ੍ਰਸ਼ਨਾਂ ਦੀ ਥਾਂ ਗਿਆਨਾਤਮਕ ਪ੍ਰਸ਼ਨਾਂ ਉਤੇ ਬਲ ਦੇਵੇ। ਪ੍ਰਸ਼ਨ ਪੱਤਰ ਵਿਚ ਵਿਸਥਾਰਮਈ ਚਾਰ ਜਾਂ ਪੰਜ ਪ੍ਰਸ਼ਨਾਂ ਦੀ ਥਾਂ, ਸੰਖੇਪ ਪ੍ਰਸ਼ਨਾ ਦੀ ਗਿਣਤੀ ਵਧਾਉਣੀ ਚਾਹੀਦੀ ਹੈ। ਇਨ੍ਹਾਂ ਦਾ ਆਕਾਰ ਛੋਟਾ ਹੋਣਾ ਚਾਹੀਦਾ ਹੈ। ਇਹ ਪ੍ਰਸ਼ਨ ਸਾਰ ਪਾਠ-ਕ੍ਰਮ ਵਿਚੋਂ ਹੋਣੇ ਚਾਹੀਦੇ ਹਨ। ਪ੍ਰਸ਼ਨ ਦੀ ਭਾਸ਼ਾ ਸਪੱਸ਼ਟ ਸਰਲ ਤੇ ਸਹਿਜੇ ਸਮਝ ਵਿਚ ਆਉਣੀ ਜਾਣ ਵਾਲੀ ਹੋਣੀ ਚਾਹੀਦੀ ਹੈ।

**ਮੁਲਾਂਕਣ ਸੰਬੰਧੀ ਸੁਧਾਰ** : ਨਿਬੰਧਾਤਮਕ ਪ੍ਰੀਖਿਆ ਦਾ ਸਭ ਤੋਂ ਵੱਡਾ ਦੋਸ਼ ਉਤਰ ਕਾਪੀਆਂ ਦੀ ਜਾਂਚ ਨੂੰ ਮੰਨਿਆਂ ਜਾਂਦਾ ਹੈ ਅਰਥਾਤ ਪ੍ਰੀਖਿਅਕ ਦੇ ਉਤਰ ਕਾਪੀਆਂ ਦੇ ਜਾਂਚ ਸਮੇਂ ਪ੍ਰਦਾਨ ਅੰਕਾਂ ਵਿਚ ਭਿੰਨਤਾ ਹੈ। ਇਨ੍ਹਾਂ ਤਰੁਟੀਆਂ ਨੂੰ ਦੂਰ ਕਰਨ ਲਈ ਸਾਰੀਆਂ ਉਤਰ-ਕਾਪੀਆਂ ਇਕੋ ਵਾਰ ਨਹੀਂ ਜਾਂਚਣੀਆਂ ਚਾਹੀਦੀਆਂ, ਸਗੋਂ ਪਹਿਲਾਂ ਸਾਰੀਆਂ ਉਤਰ-ਕਾਪੀਆਂ ਦੇ ਪਹਿਲੇ ਪ੍ਰਸ਼ਨ ਦੇ ਅੰਗ ਲਾਉਣੇ ਚਾਹੀਦੇ ਹਨ। ਇਸੇ ਕ੍ਰਮ ਅਨੁਸਾਰ ਬਾਕੀ ਪ੍ਰਸ਼ਨਾਂ ਦੀ ਵ. ਜਾਂਚ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਅਧਿਆਪਕ ਦੀ ਨਿਜੀ ਰੁਚੀ ਦਾ ਪ੍ਰਭਾਵ ਸਾਰੀਆਂ ਉਤਰ ਕਾਪੀਆਂ ਤੇ ਇਕੋ ਜਿਹਾ ਪਵੇਗਾ। ਕਿਸੇ ਇਕ ਨਾਲ ਬੇਇਨਸਾਫੀ ਨਹੀਂ ਹੋਵੇਗੀ। ਇਹ ਵਿਧੀ ਔਖੀ ਤਾਂ ਹੈ ਤੇ ਇਸ ਤਰ੍ਹਾਂ ਪ੍ਰੀਖਿਅਕ ਦਾ ਸਮਾਂ ਜ਼ਿਆਦਾ ਲਗਦਾ ਹੈ ਪਰ ਨਿਬੰਧਾਤਮਕ ਪ੍ਰੀਖਿਆ ਜ਼ਿਆਦਾ ਭਰੋਸੇਯੋਗ ਬਣ ਜਾਂਦੀ ਹੈ।

**ਦੈਨਿਕ ਕੰਮ ਦਾ ਲੇਖਾ ਜੋਖਾ**

ਵਿਦਿਆਰਥੀ ਦੀ ਪ੍ਰਾਪਤੀ ਅਤੇ ਪ੍ਰਗਤੀ ਦਾ ਲੇਖਾ ਜੋਖਾ ਸਾਲ ਦੇ ਅਖੀਰ ਉਤੇ ਲੈਣ ਦੀ ਥਾਂ ਉਸ ਦੇ ਹਰ ਰੋਜ਼ ਦੇ ਕੰਮ ਤੋਂ ਲਾਉਣਾ ਚਾਹੀਦਾ ਹੈ। ਬੱਚੇ ਦੀ ਪ੍ਰੀਖਿਆ ਦੇ ਕੁਲ ਅੰਕ ਵਿਚੋਂ 20% ਅੰਕ, ਮਾਸਿਕ ਪ੍ਰੀਖਿਆ ਲਈ ਰਖਣੇ ਚਾਹੀਦੇ ਹਨ। ਤਾਂ ਜੋ ਵਿਦਿਆਰਥੀ ਸਾਲ ਦੇ ਅਖੀਰ ਉਤੇ ਹੀ ਨਾ ਪੜ੍ਹੇ, ਸਗੋਂ ਹਰ ਰੋਜ਼ ਆਪਣਾ ਪਾਠ ਕ੍ਰਮ ਨਾਲ-ਨਾਲ ਪੜ੍ਹਦਾ ਜਾਏ। ਸਕੂਲ ਦੀ ਹਰ ਇਕ ਛੋਟੀ ਵੱਡੀ ਪ੍ਰੀਖਿਆ ਵਿਚ ਵੱਧ ਚੜ੍ਹ ਕੇ ਹਿੱਸਾ ਲਵੇ। ਮਾਤ-ਭਾਸ਼ਾ ਦਾ ਅਧਿਆਪਕ ਸਾਲ ਵਿਚ ਵੱਖ-ਵੱਖ ਕਾਰਜਾਂ ਵਿਚ ਦਿੱਤੇ ਅੰਕਾਂ ਨੂੰ ਆਪਣੀਆਂ ਸੂਚੀਆਂ ਵਿਚ ਦਰਜ ਕਰੇ। ਮਾਤ-ਭਾਸ਼ਾ ਪੰਜਾਬੀ ਦੀ ਸਿੱਖਿਆ ਦਾ ਲੇਖਾ ਜੋਖਾ ਨਿਮਨ ਲਿਖਤ ਤੱਥਾਂ ਨੂੰ ਲੈ ਕੇ ਰੱਖਣਾ ਚਾਹੀਦਾ ਹੈ-

1. ਵਿਦਿਆਰਥੀ ਨੇ ਸ੍ਰੇਣੀ ਵਿਚ ਕਿਹੋ ਜਿਹਾ ਕੰਮ ਕੀਤਾ ਹੈ।
2. ਅਧਿਆਪਕ ਦਾ ਵਿਦਿਆਰਥੀ ਪ੍ਰਤੀ ਕੀ ਪ੍ਰਭਾਵ ਹੈ ?
3. ਮਾਤ ਭਾਸ਼ਾ ਦੇ ਸਾਹਿਤ ਦੇ ਵਿਵੇਚਨ ਵਿਚ ਵਿਦਿਆਰਥੀ ਕਿੰਨੀ ਕੁ ਰੁਚੀ ਲੈਂਦਾ ਹੈ।
4. ਬੱਚੇ ਦਾ ਘਰ ਦੇ ਕੰਮ ਦੇ ਰੂਪ ਵਿਚ ਕੀਤਾ ਲਿਖਤੀ ਕੰਮ।
5. ਪ੍ਰਤੀਯੋਗਤਾ ਵਿਚ ਕਿੰਨਾ ਕੁ ਹਿੱਸਾ ਲਿਆ ਹੈ।

**ਬੁੱਧੀ ਪ੍ਰੀਖਿਆ**

ਆਧੁਨਿਕ ਮੁਲਾਂਕਣ ਦੇ ਕਾਰਜ ਨੂੰ ਨੇਪਰੇ ਚੜ੍ਹਾਉਣ ਵਿਚ ਇਸ ਪ੍ਰੀਖਿਆ ਦਾ ਯੋਗਦਾਨ ਮਹੱਤਵਪੂਰਨ ਹੈ। ਬੱਚਾ ਮਾਤ-ਭਾਸ਼ਾ ਦੀ ਸਿੱਖਿਆ ਵਿਚ ਕਿੰਨੀ ਕੁ ਰੁਚੀ ਲੈ ਰਿਹਾ ਹੈ। ਅਧਿਆਪਕ ਨੂੰ ''ਬਿਨੈ-ਸਾਇਮਨ ਵਰਗੇ ਬੁੱਧੀ ਪ੍ਰੀਖਿਆ'' ਦਾ ਪ੍ਰਯੋਗ ਕਰਕੇ ਬੱਚੇ ਦੀ ਬੁੱਧੀ ਨੂੰ ਪਰਖਣਾ ਚਾਹੀਦਾ ਹੈ। ਇਹ ਪ੍ਰੀਖਿਆ ਬੱਚੇ ਦੀ ਰੁਚੀ ਨਾ ਲੈਣ ਬਾਰੇ ਜਾਣਕਾਰੀ ਪ੍ਰਦਾਨ ਕਰੇਗੀ। ਪੱਛਮੀ ਵਿਦਵਾਨਾਂ ਨੇ ਬੱਚਿਆਂ ਦੇ ਵਿਅਕਤਿਤੱਵ ਨੂੰ ਪਰਖਣ ਲਈ ਅਨੇਕਾਂ ਬੁੱਧੀ ਮਾਪ ਦੰਡ ਨਿਰਧਾਰਤ ਕੀਤੇ ਹਨ। ਇਨ੍ਹਾਂ ਪ੍ਰੀਖਿਆਵਾਂ ਰਾਹੀਂ ਅਸੀ ਮਾਤ ਭਾਸ਼ਾ ਦੀ ਪ੍ਰਗਤੀ ਉੱਤੇ ਹੀ ਧਿਆਨ ਰਖ ਸਕਦੇ, ਸਗੋਂ ਬੱਚੇ ਦੇ ਸਮੁੱਚੇ ਵਿਕਾਸ ਦੀ ਜਾਂਚ ਕਰ ਸਕਦੇ ਹਾਂ।

**ਵਸਤੂ ਨਿਸ਼ਟ ਪ੍ਰਸ਼ਨ**

ਨਿਬੰਧਾਤਮਕ ਪ੍ਰੀਖਿਆ ਦੇ ਦੋਸ਼ਾਂ ਨੂੰ ਦੂਰ ਕਰਨ ਲਈ ਵਸਤੂਗਤ ਵੰਨਗੀ ਟੈਸਟਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਪ੍ਰੀਖਿਆਵਾਂ ਬਿਲਕੁੱਲ ਵਿਸ਼ਾ ਵਸਤੂ ਨਾਲ ਸੰਬੰਧਿਤ ਹੁੰਦੀਆਂ ਹਨ। ਇਹਨਾਂ ਪ੍ਰੀਖਿਆਵਾਂ ਵਿਚ ਉਤਰ ਕਾਪੀਆਂ ਦੀ ਜਾਂਚ ਜ਼ਿਆਦਾ ਵਿਸ਼ਵਾਸ਼ਪੂਰਨ ਤੇ ਪ੍ਰਮਾਣਿਤ ਹੁੰਦੀ ਹੈ। ਇਹਨਾਂ ਉਤਰ ਕਾਪੀਆਂ ਦੇ ਅੰਕ ਲਾਉਣ ਸਮੇਂ ਪ੍ਰੀਖਿਅਕ ਦੀ ਨਿੱਜੀ ਰੁਚੀ ਜਾਂ ਆਪੇ ਦਾ ਪ੍ਰਭਾਵ ਬਿਲਕੁਲ ਨਹੀਂ ਪੈਂਦਾ। ਇਹਨਾਂ ਉਤਰ ਕਾਪੀਆਂ ਦੇ ਅੰਕ ਕੋਈ ਵੀ ਲਾਵੇ ਪਰ ਅੰਕਾਂ ਦੀ ਪ੍ਰਾਪਤੀ ਵਿਚ ਕੋਈ ਫਰਕ ਨਹੀਂ ਪੈਂਦਾ। ਵਸਤੂਨਿਸ਼ਟ ਪ੍ਰਸ਼ਨਾਂ ਨੂੰ ਮੁੱਖ ਰੁਪ ਵਿਚ ਦੋ ਭਾਗਾਂ ਵਿਚ ਵੰਡ ਸਕੇਦ ਹਾਂ :

(ੳ) ਪੁਨਰ ਯਾਦ ਪ੍ਰੀਖਿਆ

(ਅ) ਪਹਿਚਾਨ ਪ੍ਰੀਖਿਆ

ਅੱਗੇ ਇਨ੍ਹਾਂ ਦੇ ਭਾਗ ਹਨ

ਵਸਤੂਨਿਸ਼ਟ ਪ੍ਰਸ਼ਨ

- ਪੁਨਰ ਯਾਦ ਪ੍ਰੀਖਿਆ
  1. ਸਾਧਾਰਨ ਪੁਨਰ ਯਾਦ ਪ੍ਰੀਖਿਆ
  2. ਪੂਰਤੀ ਪ੍ਰੀਖਿਆ
  3. ਸੰਬੰਧ ਪ੍ਰੀਖਿਆ
- ਪਹਿਚਾਨ ਪ੍ਰੀਖਿਆ
  1. ਬਹੁ ਗਿਣਤੀ ਚੋਣ ਜਾਂਚ
  2. ਯੁਗਲੀਕਰਣ ਜਾਂਚ
  3. ਸਚ ਝੂਠ ਪ੍ਰੀਖਿਆ

3. **ਪੁਨਰ ਯਾਦ ਪ੍ਰੀਖਿਆ** : ਇਸ ਪ੍ਰੀਖਿਆ ਰਾਹੀਂ ਬੱਚੇ ਦੀਆਂ ਪਹਿਲਾਂ ਯਾਦ ਕੀਤੀਆਂ ਹੋਈਆਂ ਗੱਲਾਂ ਦੀ ਜਾਂਚ ਕੀਤੀ ਜਾਂਦੀ ਹੈ। ਇਸ ਪ੍ਰੀਖਿਆ ਵਿਚ ਪਹਿਲਾਂ ਯਾਦ ਕੀਤੀਆਂ ਗੱਲਾਂ ਨੂੰ ਮਾਨਸਿਕ ਪ੍ਰਕ੍ਰਿਆ ਰਾਹੀਂ ਮੁੜ ਯਾਦ ਕਰਵਾਇਆ ਜਾਂਦਾ ਹੈ। ਇਸ ਪ੍ਰੀਖਿਆ ਵਿਚ ਪਹਿਚਾਨ ਪ੍ਰੀਖਿਆ ਨਾਲੋਂ ਉਚ ਮਾਨਸਿਕ ਪ੍ਰਕ੍ਰਿਆ ਦੀ ਲੋੜ ਹੁੰਦੀ ਹੈ।

1. ਸਰਲ ਪੁਨਰ ਯਾਦ ਪ੍ਰੀਖਿਆ : ਇਹ ਪੁਨਰ ਯਾਦ ਪ੍ਰੀਖਿਆ ਦਾ ਬਹੁਤ ਸਰਲ ਤੇ ਸੁਭਾਵਿਕ ਰੂਪ ਹੈ। ਇਸ ਪ੍ਰੀਖਿਆ ਦਾ ਉਤਰ ਸ਼ਬਦਾਂ ਵਿਚ, ਚਿੱਤਰਾਂ ਵਿਚ ਜਾਂ ਚਿਨ੍ਹਾਂ ਵਿਚ ਦਿੱਤਾ ਜਾਂਦਾ ਹੈ, ਜਿਵੇਂ :–

1. ਲਾਲਾ ਧਨੀ ਰਾਮ ਚਾਤ੍ਰਿਕ ਦਾ ਜਨਮ ਕਦੋਂ ਹੋਇਆ?
2. 'ਆਰਸੀ' ਕਿਸ ਨੇ ਲਿਖੀ ?
3. ਸ਼ਿਵ ਕੁਮਾਰ ਨੂੰ ਕਿਸ ਪੁਸਤਕ ਉਪਰ ਸਾਹਿਤ ਅਕਾਦਮਿਕ ਇਨਾਮ ਮਿਲਿਆ ?
4. ਗੁਰਬਖਸ਼ ਸਿੰਘ ਦੀ ਮ੍ਰਿਤੂ ਕਿਥੇ ਹੋਈ।

2. ਖਾਲੀ ਥਾਵਾਂ ਭਰਨ ਦੀ ਪ੍ਰੀਖਿਆ : ਇਸ ਪ੍ਰੀਖਿਆ ਵਿਧੀ ਅਨੁਸਾਰ ਕੁਝ ਵਾਕ ਲਿਖੇ ਜਾਂਦੇ ਹਨ। ਜਿਹਨਾਂ ਵਿਚ ਕਿਤੇ ਕੁਝ ਸ਼ਬਦ ਛੱਡ ਦਿੱਤੇ ਜਾਂਦੇ ਹਨ। ਜਿਹਨਾਂ ਦੀ ਪੂਰਤੀ ਬੱਚਾ ਆਪ ਕਰਦਾ ਹੈ। ਇਨ੍ਹਾਂ ਖਾਲੀ ਥਾਵਾਂ ਦੀ ਬੱਚਾ ਠੀਕ ਪੂਰਤੀ ਤਦ ਹੀ ਕਰ ਸਕੇਗਾ ਜੇਕਰ ਬੱਚੇ ਨੇ ਪਹਿਲਾਂ ਪਾਠ ਯਾਦ ਕੀਤਾ ਹੋਵੇਗਾ। ਕਹਾਣੀ ਆਦਿ ਦੀ ਰਚਨਾ ਵੀ ਖਾਲੀ ਥਾਵਾਂ ਨੂੰ ਭਰਕੇ ਕੀਤੀ ਜਾ ਸਕਦੀ ਹੈ।

(ੳ) 1. ਹੀਰ ਦਾ ਕਿੱਸਾ ਸਭ ਤੋਂ ਪਹਿਲਾਂ .............. ਲਿਖਿਆ ਹੈ।

2. ਰਾਮ ਸਰੂਪ ਅਣਖੀ ਦੇ ਨਾਵਲ ............... ਨੂੰ ਇਨਾਮ ਮਿਲਿਆ ਹੈ।

3. ਸੁਖਮਨੀ ਸਾਹਿਬ ਸ੍ਰੀ ............... ਗੁਰੂ ਜੀ ਦੀ ਪ੍ਰਸਿੱਧ ਰਚਨਾ ਹੈ।

(ਅ) ਇਕ ਕਾਂ ............... ਸੀ। ਉਸ ਨੇ ਨੇੜੇ ਹੀ ਇਕ ............. ਵੇਖਿਆ। ਜਿਸ ਵਿਚ ਪਾਣੀ ਬਹੁਤ ............. ਸੀ। ਉਹ ਲਾਗਿਓਂ ਪੱਥਰ ............. ਲਿਆਇਆ ਆਦਿ।

(ੲ) 1. ਅਸਮਾਨ ਦੇ ਥੁੱਕਿਆ ..................

2. ਅਕਲ ਦਾ ਅੰਨ੍ਹਾਂ .....................

3. ਉੱਦਮ ਅੱਗੇ ਲੱਛਮੀ ....................

4. ਸੱਦੀ ਨਾ ਬੁਲਾਈ .......................

(ਸ) ਖਾਲੀ ਥਾਵਾਂ ਵਿਚ ਨਾਂਵ ਭਰੋ :–

1. ਰਾਮ ...................

2. ਮੇਜ ...................

3. ਫੌਜ ...................

4. ਸ਼ਹਿਦ ...................

5. ਮਿਠਾਸ ...................

3. ਸੰਬੰਧ ਪ੍ਰੀਖਿਆ : ਇਸ ਪ੍ਰੀਖਿਆ ਵਿਧੀ ਵਿਚ ਬੱਚੇ ਨੂੰ ਇਕ ਗੱਲ ਦਸ ਕੇ ਉਸ ਨਾਲ ਸੰਬੰਧਿਤ ਦੂਜੀ ਗੱਲ ਯਾਦ ਕਰਵਾਈ ਜਾਂਦੀ ਹੈ। ਹੇਠ ਲਿਖੀਆਂ ਪੁਸਤਕਾਂ ਦੇ ਲੇਖਕਾਂ ਦੇ ਨਾਮ ਦੱਸੋ।

1. ਰਾਣਾ ਸੂਰਤ ਸਿੰਘ ...................

2. ਚੰਦਨ ਵਾੜੀ ...................

3. ਲੂਣਾ ...................

4. ਕੋਠੇ ਖੜਕ ਸਿੰਘ ...................

ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :–

1. ਬਹਾਦੁਰ ...................

2. ਬ੍ਰਿਹਾ ...................

3. ਭੰਡਣਾ ...................

4. ਵਿਗੜਨਾ ...................

5. ਨਰਮ ...................

**ਪਛਾਣ ਪ੍ਰੀਖਿਆ :**

ਇਸ ਪ੍ਰੀਖਿਆ ਵਿਧੀ ਅਨੁਸਾਰ ਪ੍ਰਸ਼ਨਾਂ ਦੇ ਨਾਲ ਉਹਨਾਂ ਦਾ ਉੱਤਰ ਦਿੱਤਾ ਜਾਂਦਾ ਹੈ। ਉਹਨਾਂ ਦੀ ਪਹਿਚਾਣ ਕਰਨ ਦਾ ਕੰਮ ਕੇਵਲ ਵਿਦਿਆਰਥੀ ਨੂੰ ਕਰਨਾ ਪੈਂਦਾ ਹੈ। ਇਕ ਪ੍ਰਸ਼ਨ ਦੇ ਬਹੁਤ ਸਾਰੇ ਉਤਰ ਦਿੱਤੇ ਜਾਂਦੇ ਹਨ ਜਿਹਨਾਂ ਵਿਚੋਂ ਇਕ ਠੀਕ ਤੇ ਬਾਕੀ ਗਲਤ ਉਤਰ ਹੁੰਦੇ ਹਨ। ਵਿਦਿਆਰਥੀ ਨੇ ਉਹਨਾਂ ਵਿਚੋਂ ਠੀਕ ਉਤਰ ਦੀ ਚੋਣ ਕਰਨੀ ਹੁੰਦੀ ਹੈ।

ਪਹਿਚਾਨ ਪ੍ਰੀਖਿਆ ਵਿਧੀ ਦੀਆਂ ਅੱਗੇ ਕਿਸਮਾਂ ਹਨ :

1. ਬਹੁ ਵਿਕਲਪ ਪ੍ਰਸ਼ਨ : ਇਸ ਪ੍ਰੀਖਿਆ ਅਨੁਸਾਰ ਇਕ ਪ੍ਰਸ਼ਨ ਦੇ ਤਿੰਨ ਜਾਂ ਇਸ ਤੋਂ ਵੱਧ ਉਤਰ ਦਿੱਤੇ ਜਾਂਦੇ ਹਨ। ਜਿਹਨਾਂ ਵਿਚੋਂ ਕੇਵਲ ਇਕ ਉਤਰ ਠੀਕ ਹੁੰਦਾ ਹੈ, ਜਿਸ ਦੀ ਚੋਣ ਵਿਦਿਆਰਥੀ ਨੇ ਕਰਨੀ ਹੁੰਦੀ ਹੈ।

1. ਭਾਈ ਵੀਰ ਸਿੰਘ ਦਾ ਜਨਮ ........... ਵਿਚ ਹੋਇਆ। (1862, 1872, 1904)

2. ਸਾਵੇ ਪੱਤਰ ............. ਨੇ ਲਿਖੀ ਹੈ। (ਕ੍ਰਿਪਾ ਸਾਗਰ, ਮੋਹਨ ਸਿੰਘ, ਧਨੀ ਰਾਮ ਚਾਤ੍ਰਿਕ)

3. ਪੰਜਾਬੀ ਸ਼ਾਇਰ .......... ਨੇ ਆਤਮ ਹੱਤਿਆ ਕੀਤੀ ਹੈ। (ਬਿਸ਼ਨ ਸਿੰਘ ਉਪਾਸਕ, ਨੰਦ ਲਾਲਨੂਰਪੁਰੀ)

4. ਪੰਜਾਬੀ ਸਾਹਿਤ ਅਕਾਦਮੀ ਦਾ 1988 ਦਾ ਇਨਾਮ ........... ਨੂੰ ਮਿਲਿਆ ਹੈ। (ਰਾਮ ਸਰੂਪ ਅਣਖੀ, ਸੁਰਜੀਤ ਹਾਂਸ, ਗੁਰਦਿਆਲ ਸਿੰਘ)

2. ਜੁੱਟ ਬਣਾਉਣੀ ਪ੍ਰੀਖਿਆ : ਇਸ ਪ੍ਰੀਖਿਆ ਵਿਧੀ ਅਨੁਸਾਰ ਦੋ ਸੂਚੀਆਂ ਹਨ ਪਰ ਇਹਨਾਂ ਦਾ ਕਰਮ ਠਕੀ ਨਹੀਂ ਹੁੰਦਾ ਹੈ। ਵਿਦਿਆਰਥੀਆਂ ਨੂੰ ਠੀਕ ਉਤਰਾਂ ਨੂੰ ਇਕ ਸੋਧ ਵਿਚ ਕਰਨਾ ਹੁੰਦਾ ਹੈ ਜਿਵੇਂ :-

| | |
|---|---|
| (ੳ) ਦੁਨੀਆਂ ਇਕ ਮਹਿਲ | ਨਾਟਕ |
| (ਅ) ਲੋਹਾ ਕੁੱਟ | ਸਫਰਨਾਮਾ |
| (ੲ) ਚਿੱਟਾ ਲਹੂ | ਇਕਾਂਗੀ |
| (ਸ) ਬੇਘਰ | ਨਾਵਲ |

**ਸੱਚ ਝੂਠ ਦੀ ਪ੍ਰੀਖਿਆ :**

ਇਸ ਪ੍ਰੀਖਿਆ ਵਿਧੀ ਅਨੁਸਾਰ ਵਿਦਿਆਰਥੀ ਨੂੰ ਕੁਝ ਵਾਕ ਦਿੱਤੇ ਜਾਂਦੇ ਹਨ। ਜਿਹਨਾਂ ਵਿਚ ਕੁਝ ਠੀਕ ਤੇ ਕੁਝ ਗਲਤ ਹੁੰਦੇ ਹਨ। ਵਿਦਿਆਰਥੀ ਨੇ ਆਪਣੀ ਬੁੱਧੀ ਦੀ ਸਮਰੱਥਾ ਅਨੁਸਾਰ ਸੱਚ ਝੂਠ ਦਾ ਨਿਤਾਰਾ ਕਰਨਾ ਹੁੰਦਾ ਹੈ। ਜਿਹੜਾ ਵਾਕ ਠੀਕ ਹੁੰਦਾ ਹੈ, ਉਸਦੇ ਸਾਹਮਣੇ ਇਹ (✓) ਨਿਸ਼ਾਨ ਲਾਉਣਾ ਹੁੰਦਾ ਹੈ ਜਿਹੜਾ ਗਲਤ ਹੁੰਦਾ ਹੈ ਉਸਦੇ (×) ਨਿਸ਼ਾਨ ਲਾਉਂਣਾ ਹੁੰਦਾ ਹੈ। ਜਿਵੇਂ :-

(ੳ)ਆਟੇ ਦੀਆਂ ਚਿੜੀਆਂ ਅੰਮ੍ਰਿਤਾ ਪ੍ਰੀਤਮ ਨੇ ਲਿਖੀ ਹੈ। ( )
(ਅ)ਰਾਮ ਖਾਸ ਨਾਂਉ ਹੈ। ( )
(ੲ)ਕੁੱਤੀ ਦੇ ਬੱਚੇ ਨੂੰ ਮੇਮਣਾ ਕਹਿੰਦੇ ਹਨ। ( )
(ਸ)ਪੜਨਾਉ ਉਸ ਨੂੰ ਕਹਿੰਦੇ ਹਨ ਜੋ ਨਾਉ ਦੀ ਥਾਂ ਵਰਤਿਆ ਜਾਏ। ( )
(ਹ)'ਗਗਨ ਵਿਚ ਥਾਲ' ਭਾਈ ਵੀਰ ਸਿੰਘ ਦੀ ਰਚਨਾ ਹੈ। ( )

**2.3.5 ਪੰਜਾਬੀ ਦੀ ਵਰਤਮਾਨ ਮੁਲਾਂਕਣ ਪ੍ਰੀਕਿਰਿਆ ਨਾਲ ਸੰਬੰਧਿਤ ਸਮੱਸਿਆਵਾਂ:**

ਇਸ ਚਰਚਾ ਤੋਂ ਸਪੱਸ਼ਟ ਹੈ ਕਿ ਪ੍ਰੀਖਿਆ ਪ੍ਰਣਾਲੀ ਦਾ ਸਿੱਖਿਆ ਨਾਲ ਅਟੁੱਟ ਰਿਸ਼ਤਾ ਹੈ ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸੈਕੰਡਰੀ ਸਿੱਖਿਆ ਕਮਿਸ਼ਨ ਦੇ ਸ਼ਬਦਾਂ ਵਿਚ ਇਮਤਿਹਾਨ ਨਾ ਕੇਵਲ ਸਿੱਖਿਆ ਦੇ ਅੰਕ ਮਿਥਦੇ ਹਨ, ਸਗੋਂ ਸਿੱਖਿਆ ਦੀਆਂ ਵਿਧੀਆਂ ਵੀ ਮਿਥਦੇ ਹਨ। ਇਹ ਸਾਡੀ ਸਿੱਖਿਆ ਪ੍ਰਣਾਲੀ ਉਪਰ ਇਸ ਤਰ੍ਹਾਂ ਛਾ ਚੁੱਕੇ ਹਨ ਕਿ ਇਨ੍ਹਾਂ ਤੋਂ ਬਿਨਾਂ ਨਾ ਤਾਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ, ਤੇ ਨਾ ਹੀ ਅਧਿਆਪਕ ਸਿੱਖਿਆ ਪ੍ਰਦਾਨ ਕਰ ਸਕਦੇ ਹਨ। ਪਰ ਅੱਜ ਦੀ ਪ੍ਰੀਖਿਆ ਪ੍ਰਣਾਲੀ ਉਕਤ ਉਦੇਸ਼ਾਂ ਦੀ ਪੂਰਤੀ ਵਿਚ ਸਹਾਇਕ ਹੋਣ ਦੀ ਬਜਾਏ, ਇਕ ਰੁਕਾਵਟ ਬਣਦੀ ਹੈ। ਵਰਤਮਾਨ ਪ੍ਰਣਾਲੀ ਇਤਨੀ ਪੁਰਾਣੀ ਤੇ ਬੋਦੀ ਹੋ ਚੁੱਕੀ ਹੈ ਕਿ ਇਹ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਨਹੀਂ ਕਰ ਸਕਦੀ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਅਨੁਸਾਰ 'ਭਾਰਤੀ ਸਿੱਖਿਆ ਪ੍ਰਬੰਧ ਵਿਚ ਲਗਭਗ ਅੱਧੀ ਸਦੀ ਪ੍ਰੀਖਿਆਵਾਂ ਇਸ ਦੇ ਸਬੰਧ ਦੇ ਖਰਾਬ ਅੰਗ ਦੇ ਰੂਪ ਵਿਚ ਚਲੀਆਂ ਆਉਂਦੀਆਂ ਹਨ।

ਅਜੋਕੀ ਪ੍ਰੀਖਿਆ ਪ੍ਰਣਾਲੀ, ਨਵੀਂ ਸਿੱਖਿਆ ਪ੍ਰਣਾਲੀ ਦਾ ਸਹੀ ਅਰਥਾਂ ਵਿਚ ਮੁਲਾਂਕਣ ਨਹੀਂ ਕਰ ਰਹੀ। ਇਸ ਵਿਚ ਅਨੇਕ ਦੋਸ਼ ਹਨ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ 1992 ਈ. ਸਮਕਾਲੀਨ ਪ੍ਰੀਖਿਆ ਪ੍ਰਣਾਲੀ ਉਪਰ ਦੁਖ ਪ੍ਰਗਟ ਕਰਦੇ ਹੋਏ ਲਿਖਿਆ ਸੀ ਕਿ ਸਭ ਤੋਂ ਵੱਡੀ ਘਾਟ, ਜਿਸ ਨਾਲ ਭਾਰਤੀ ਯੂਨੀਵਰਸਿਟੀ ਦੀ ਸਿੱਖਿਆ ਗ੍ਰਸਤ ਹੈ, ਉਹ ਇਹ ਹੈ ਕਿ ਸਿੱਖਿਆ ਪ੍ਰੀਖਿਆ ਦੇ ਅਧੀਨ ਹੈ, 'ਰਾਧਾ ਕ੍ਰਿਸ਼ਨਨ ਆਯੋਗ' ਨੇ ਲਿਖਿਆ ਸੀ ਕਿ ਜੇਕਰ ਸਿੱਸ਼ਖਆ ਦੇ ਇਕੋ ਇਕ ਸੁਧਾਰ ਦਾ ਨਾਮ ਲਿਆ ਜਾਵੇ ਤਾਂ ਉਹ ਪ੍ਰੀਖਿਆ ਦਾ ਸੁਧਾਰ ਹੈ।

**ਵਰਤਮਾਨ ਪ੍ਰੀਖਿਆ ਪ੍ਰਣਾਲੀ ਵਿਚ ਹੇਠ ਲਿਖੇ ਦੋਸ਼ ਹਨ :**

(1) **ਅਪ੍ਰਮਾਣਿਕ** : ਵਰਤਮਾਨ ਪ੍ਰੀਖਿਆ ਪ੍ਰਣਾਲੀ ਵਿਗਿਆਨਕ ਨਾ ਹੋਣ ਕਾਰਨ, ਵਿਦਿਆਰਥੀ ਦੀ ਸਹੀ ਜਾਂਚ ਨਹੀਂ ਕਰ ਸਕਦੀ। ਇਸ ਵਿਚ ਪੁਸਤਕੀ ਗਿਆਨ ਉਪਰ ਹੀ ਬਲ ਦਿੱਤਾ ਜਾਂਦਾ ਹੈ। ਜਿਸ ਵਿਦਿਆਰਥੀ ਨੇ ਜ਼ਿਆਦਾ ਰੱਟਾ ਲਾ ਲਿਆ ਉਹ ਪ੍ਰੀਖਿਆ ਵਿਚ ਵੱਧ ਅੰਕ ਪ੍ਰਾਪਤ ਕਰ ਸਕਦਾ ਹੈ ਤੇ ਯੋਗ ਵਿਦਿਆਰਥੀ ਜੋ ਰੱਟਾ ਨਹੀਂ ਲਾ ਸਕਦਾ ਉਹ ਅਕਸਰ ਫੇਲ੍ਹ ਹੋ ਜਾਂਦਾ ਹੈ ਜਾਂ ਘੱਟ ਅੰਕ ਪ੍ਰਾਪਤ ਕਰਦਾ ਹੈ। ਇਕ ਤਾਂ ਵਿਦਿਆਰਥੀ ਦੀ ਯੋਗਤਾ ਨੂੰ ਪਰਖਣ ਦੀ ਬਜਾਏ, ਉਨ੍ਹਾਂ ਦੇ ਰੱਟਾ ਲਾਉਣ ਦੀ ਸਮਰੱਥਾ ਨੂੰ ਪਰਖਦੀ ਹੈ। ਸੈਕੰਡਰੀ ਸਿੱਖਿਆ ਕਮਿਸ਼ਨ ਨੇ ਵਰਤਮਾਨ ਪ੍ਰੀਖਿਆ ਪ੍ਰਣਾਲੀ ਬਾਰੇ ਠੀਕ ਹੀ ਲਿਖਿਆ ਹੈ, 'ਵਰਤਮਾਨ ਪ੍ਰੀਖਿਆਵਾਂ ਤਾਂ ਕੇਵਲ ਰੱਟਾਂ ਲਗਾਣ ਦੀ ਸ਼ਕਤੀ ਦੀ ਜਾਂਚ ਕਰਦੀਆਂ ਹਨ : ਇਸ ਲਈ ਇਹ ਨਵੇਂ ਪ੍ਰਯੋਗਾਂ ਦੇ ਰਾਹ ਵਿਚ ਰੁਕਾਵਟ ਹਨ। ਅਧਿਆਪਕਾਂ ਨੂੰ ਨਵੀਆਂ ਸਿਖਸ਼ਣ ਵਿਧੀਆਂ ਅਪਣਾਉਣ ਤੋਂ ਰੋਕਦੀਆਂ ਹਨ, ਇਹ ਵਿਦਿਆਰਥੀਆਂ ਨੂੰ ਕੇਵਲ ਰੱਟੂ ਤੋਤੇ ਬਣਾ ਕੇ ਰਖ ਦਿੰਦੀਆਂ ਹਨ।

(2) **ਭਰੋਸੇ ਰਹਿਤ** : ਵਰਤਮਾਨ ਪ੍ਰੀਖਿਆ ਪ੍ਰਣਾਲੀ ਭਰੋਸੇ ਯੋਗ ਨਹੀਂ ਹੈ। ਵਿਦਿਆਰਥੀ ਦੀਆਂ ਉਤਰ ਕਾਪੀਆਂ ਦੀ ਜਾਂਚ, ਪ੍ਰੀਖਿਆ ਦੀ ਨਿੱਜੀ ਰੁਚੀ ਤੇ ਨਿਰਭਰ ਕਰਦੀ ਹੈ। ਹਰ ਇਕ ਪ੍ਰੀਖਿਅਕ ਦਾ ਸ਼ੁਭਾ ਵਿਚਾਰ ਇੱਕ-ਦੂਜੇ ਤੋਂ ਭਿੰਨ ਹੁੰਦੇ ਹਨ। ਕਈ ਪ੍ਰੀਖਿਅਕ ਨਰਮ ਰਵੱਈਆ ਅਪਣਾਉਂਦੇ ਹਨ, ਜਦੋਂ ਕਿ ਕੁਝ ਸਖਤ ਸ਼ੁਭਾ ਦੇ ਹੁੰਦੇ ਹਨ। ਸਾਰੀਆਂ ਉਤਰ-ਕਾਪੀਆਂ ਤਾਂ ਇਕ ਪ੍ਰੀਖਿਅਕ ਨੇ ਜਾਂਚਣੀਆਂ ਨਹੀਂ ਹੁੰਦੀਆਂ। ਇਸ ਤਰ੍ਹਾਂ ਉਕਤ-ਕਾਪੀਆਂ ਦੀ ਜਾਂਚ ਵਿਚ ਭਿੰਨਤਾ ਆ ਜਾਂਦੀ ਹੈ। ਵਿਦਿਆਰਥੀਆਂ ਦੀ ਕਿਸਮਤ ਦਾ ਫੈਸਲਾ ਪ੍ਰੀਖਿਅਕ ਦੇ ਸੁਭਾਅ ਤੇ ਨਿਰਭਰ ਕਰਦਾ ਹੈ। ਦੂਜਾ ਨਾਪਣ ਲਈ ਕੋਈ ਨਿਯਮਿਤ ਯੰਤਰ ਨਹੀਂ ਹੈ। ਜੇਕਰ ਇਹ ਅਧਿਆਪਕ ਕਿਸੇ ਇਕ ਉੱਤਰ-ਕਾਪੀ ਦਾ ਮੁਲਾਂਕਣ ਕਰਨ ਸਮੇਂ 60 ਅੰਕ ਪ੍ਰਦਾਨ ਕਰਦਾ ਹੈ ਤਾਂ ਦੋ ਮਹੀਨੇ ਮਗਰੋਂ ਉਹ ਉਤਰ-ਕਾਪੀ, ਉਸ ਅਧਿਆਪਕ ਨੂੰ ਜਾਂਚਣ ਲਈ ਦਿੱਤੀ ਜਾਵੇ ਤਾਂ ਉਹ 70 ਜਾਂ 50 ਅੰਕ ਦੇਵੇਗਾ।

(3) **ਮੌਕਾ ਮੇਲ ਦੀ ਪ੍ਰਧਾਨਤਾ** : ਵਰਤਮਾਨ ਪ੍ਰੀਖਿਆ ਵਿਚ ਮੌਕਾ ਮੇਲ ਸੰਜੋਗ ਦੀ ਪ੍ਰਧਾਨਤਾ ਰਹਿੰਦੀ ਹੈ। ਜੇਕਰ ਸੰਜੋਗ ਵਸ ਉਸ ਪਾਠ ਕ੍ਰਮ ਵਿਚੋਂ ਪ੍ਰਸ਼ਨ ਆ ਗਏ, ਜਿਸ ਨੂੰ ਵਿਦਿਆਰਥੀ ਨੇ ਰੱਟਾ ਲਾਇਆ ਹੈ ਤਾਂ ਉਸ ਦੀਆਂ ਪੌ ਬਾਰਾਂ ਹੋ ਜਾਂਦੀਆਂ ਹਨ। ਉਹ ਭਾਵੇਂ ਸਾਰਾ ਸਾਲ ਵਿਹਲਾ ਘੁੰਮਦਾ ਰਿਹਾ ਹੋਵੇ। ਪਰ ਪ੍ਰੀਖਿਆ ਵਿਚ ਚੰਗੇ ਅੰਕ ਲੈ ਕੇ ਪਾਸ ਹੋ ਜਾਂਦਾ ਹੈ। ਅਕਸਰ ਇਹੋ ਜਿਹੇ ਵਿਦਿਆਰਥੀ ਵੇਖਣ ਨੂੰ ਮਿਲਦੇ ਹਨ ਜੋ ਸਾਰਾ ਸਾਲ ਮਿਹਨਤ ਕਰਦੇ ਰਹਿੰਦੇ ਹਨ ਪਰ ਪ੍ਰੀਖਿਆ ਵਿਚ ਕੁਝ ਇਹੋ ਜਿਹੇ ਪ੍ਰਸ਼ਨ ਆ ਜਾਂਦੇ ਹਨ, ਜੋ ਉਨ੍ਹਾਂ ਨੇ ਤਿਆਰ ਨਹੀਂ ਕੀਤੇ ਹੁੰਦੇ ਤੇ ਵਿਚਾਰੇ ਫੇਲ ਹੋ ਜਾਂਦੇ ਹਨ। ਉਨ੍ਹਾਂ ਦੀ ਸਾਲ ਭਰ ਦੀ ਮਿਹਨਤ ਅਜਾਈਂ ਚਲੀ ਜਾਂਦੀ ਹੈ। ਅਜੋਕੀ ਪ੍ਰੀਖਿਆ ਅਨੁਸਾਰ ਵਿਦਿਆਰਥੀ ਦੀ ਯੋਗਤਾ ਦਾ ਅਨੁਮਾਨ ਪ੍ਰੀਖਿਆ ਵਿਚੋਂ ਪ੍ਰਾਪਤ ਅੰਕਾਂ ਤੋਂ ਲਾਇਆ ਜਾਂਦਾ ਹੈ।

(4) **ਪ੍ਰੀਖਿਆ ਪਾਠ ਕ੍ਰਮ ਉਤੇ ਹਾਵੀ ਹੈ** : ਅਜੋਕੀ ਪ੍ਰੀਖਿਆ ਵਿਧੀ ਦਾ ਬੱਚੇ ਦੇ ਕ੍ਰਮ ਤੇ ਵੀ ਬਹੁਤ ਪ੍ਰਭਾਵ ਹੈ। ਅਧਿਆਪਕ ਅਤੇ ਵਿਦਿਆਰਥੀ ਦਾ ਸਾਰਾ ਯਤਨ ਪ੍ਰੀਖਿਆ ਪਾਸ ਕਰਨਾ ਹੁੰਦਾ ਹੈ। ਅਧਿਆਪਕ ਬੱਚਿਆਂ ਨੂੰ ਪੜ੍ਹਾਉਣ ਸਮੇਂ ਪ੍ਰੀਖਿਆ ਦੀ ਦ੍ਰਿਸ਼ਟੀ ਵਿਚ ਰਖਦਾ ਹੈ, ਪਾਠ ਪੁਸਤਕ ਦੇ ਉਸ ਹਿੱਸੇ ਉਪਰ ਜ਼ਿਆਦਾ ਬਲ ਦਿੰਦਾ ਹੈ, ਜਿਸ ਵਿਚੋਂ ਉਸ ਨੂੰ ਇਮਤਿਹਾਨ ਵਿਚ ਪ੍ਰਸ਼ਨ ਆਉਣ ਦੀ ਸੰਭਾਵਨਾ ਹੁੰਦੀ ਹੈ ਪਾਠ ਕ੍ਰਮ ਦਾ ਉਹ ਹਿੱਸਾ ਬਿਲਕੁਲ ਛੱਡ ਹੀ ਦਿੱਤਾ ਜਾਂਦਾ ਹੈ, ਜਿਸ ਵਿਚੋਂ ਪ੍ਰੀਖਿਆ ਵਿਚ ਪ੍ਰਸ਼ਨ ਆਉਣ ਦੀ ਕੋਈ ਆਸ ਨਹੀਂ ਹੁੰਦੀ। ਅਧਿਆਪਕ ਅਤੇ ਵਿਦਿਆਰਥੀ ਪਾਠਾਂਤਰ ਕਾਰਜਸ਼ੀਲਤਾ ਵੱਲ ਕੋਈ ਧਿਆਨ ਨਹੀਂ ਦਿੰਦਾ ਕਿਉਂਕਿ ਉਨ੍ਹਾਂ ਦਾ ਸਾਰਾ ਧਿਆਨ ਤਾਂ ਪ੍ਰੀਖਿਆ ਪਾਸ ਕਰਨ ਉਪਰ ਕੇਂਦਰਿਤ ਹੁੰਦਾ ਹੈ। ਸੰਖੇਪ, ਵਿਚ ਇੰਜ ਕਹਿ ਸਕਦੇ ਹਾਂ ਕਿ ਅਜੋਕੀ ਪ੍ਰਣਾਲੀ ਨੇ ਸਿੱਖਿਆ ਪੱਧਤੀ ਨੂੰ ਮੰਤਵਹੀਨ ਬਣਾ ਦਿੱਤਾ ਹੈ।

(5) **ਸਹੀ ਮੁਲਾਂਕਣ ਨਹੀਂ ਕਰਦੀ** : ਅਜੋਕੀ ਪ੍ਰੀਖਿਆ ਪ੍ਰਣਾਲੀ ਬੱਚੇ ਦੇ ਵਿਅਕਤਿੱਤਵ ਦੇ ਸਰਬਪੱਖੀ

ਵਿਕਾਸ ਦੀ ਪਰਖ ਨਹੀਂ ਕਰਦੀ ਸਗੋਂ ਇਹ ਬੱਚੇ ਦੀ ਸਿੱਖਿਆ ਦੇ ਇਕ ਪੱਖ, ਲਿਖਤ ਕਾਰਜ ਦਾ ਹੀ ਮੁਲਾਂਕਣ ਕਰਦੀ ਹੈ। ਇਸ 'ਚ ਬੱਚੇ ਦੀ ਮੌਖਿਕ ਯੋਗਤਾ, ਬੁਧੀ ਯੋਗਤਾ, ਵਿਵਹਾਰਕ ਯੋਗਤਾ ਆਦਿ ਪਰਖਣ ਲਈ ਕੋਈ ਸਥਾਨ ਨਹੀਂ ਹੈ। ਇਸ ਵਿਚ ਬੱਚੇ ਦੇ ਸਰੀਰਕ ਵਿਕਾਸ, ਨੈਤਿਕ ਵਿਕਾਸ, ਤੇ ਸਮਾਜਿਕ ਵਿਕਾਸ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਜਾਂਦੀ ਹੈ।

(6) **ਨੈਤਿਕ ਮਿਆਰ ਦਾ ਡਿੱਗਣਾ** : ਅਜੋਕੀ ਸਿੱਖਿਆ ਪ੍ਰਣਾਲੀ, ਪ੍ਰੀਖਿਆ ਪ੍ਰਧਾਨ ਹੋਣ ਦੇ ਨਾਤੇ, ਬੱਚੇ ਦੀ ਯੋਗਤਾ ਦਾ ਮਾਪ ਦੰਡ ਉਸ ਦੁਆਰਾ ਪ੍ਰਾਪਤ ਅੰਕਾਂ ਉਪਰ ਹੀ ਲਗਾਉਂਦੀ ਹੈ। ਇਸ ਲਈ ਵਿਦਿਆਰਥੀ ਪ੍ਰੀਖਿਆ ਵਿਚੋਂ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਜ਼ਾਇਜ ਨਜਾਇਜ ਢੰਗਾਂ ਦੀ ਵਰਤੋਂ ਕਰਦੇ ਹਨ। ਪ੍ਰੀਖਿਆਰਥੀ ਨਿਗਰਾਨ ਅਮਲੇ ਨੂੰ ਡਰਾ ਕੇ ਜਾਂ ਉਨ੍ਹਾਂ ਦੀ ਖੁਸ਼ਾਮਦ ਕਰਕੇ ਜਿਸ ਤਰ੍ਹਾਂ ਵੀ ਮੌਕਾ ਲੱਗੇ ਨਕਲ ਮਾਰ ਕੇ ਸਫਲਤਾ ਪ੍ਰਾਪਤ ਕਰਨ ਨੂੰ ਆਪਣਾ ਧਰਮ ਸਮਝਦੇ ਹਨ। ਵਿਦਿਆਰਥੀਆਂ ਦੇ ਦਿਲਾਂ ਵਿਚ ਗੁਰੂ ਰੂਪੀ, ਆਪਣੇ ਅਧਿਆਪਕਾਂ ਦੇ ਸਤਿਕਾਰ ਲਈ ਕੋਈ ਸਤਿਕਾਰ ਨਹੀਂ ਰਹਿ ਗਿਆ ਹੈ। ਇਸ ਨੈਤਿਕ ਪਤਨ ਦਾ ਮੂਲ ਕਾਰਨ ਅਜੋਕੀ ਪ੍ਰੀਖਿਆ ਪ੍ਰਣਾਲੀ ਹੈ।


(7) **ਸਿਹਤ ਉਪਰ ਮਾੜਾ ਅਸਰ** : ਬੱਚੇ ਦਾ ਭਵਿੱਖ ਪ੍ਰੀਖਿਆ ਵਿਚੋਂ ਪ੍ਰਾਪਤ ਅੰਕਾਂ ਉਤੇ ਨਿਰਭਰ ਕਰਦਾ ਹੈ। ਉਸ ਨੂੰ ਪ੍ਰੀਖਿਆ ਵਿਚੋਂ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਲਈ ਨਿਰੰਤਰ ਡਰ ਬਣਿਆ ਰਹਿੰਦਾ ਹੈ। ਉਹ ਹਮੇਸ਼ਾ ਸਹਿਮਿਆ ਰਹਿੰਦਾ ਹੈ। ਉਹਦੀ ਮਾਨਸਿਕ ਸ਼ਾਂਤੀ ਭੰਗ ਹੋ ਜਾਂਦੀ ਹੈ। ਪ੍ਰੀਖਿਆ ਦਾ ਡਰ, ਦਿਨ ਰਾਤ ਉਸਦਾ ਸਾਂਹ ਸੁਕਾਈ ਰੱਖਦਾ ਹੈ। ਇਸ ਡਰ ਦਾ ਮਾਰਿਆ ਹੋਇਆ, ਉਹ ਦਿਨ ਰਾਤ ਤੋਤੇ ਵਾਂਗ ਆਪਣੀ ਪਾਠ ਪੁਸਤਕਾਂ ਨੂੰ ਰੱਟਾਂ ਲਾਉਂਦਾ ਹੈ। ਜਿਵੇਂ ਜਿਵੇਂ ਪ੍ਰੀਖਿਆ ਨੇੜੇ ਆਉਂਦੀ ਹੈ, ਉਸ ਨੂੰ ਖਾਣਾ ਪੀਣਾ ਹਸਣਾ ਭੁੱਲ ਜਾਂਦਾ ਹੈ। ਕਈ ਵਿਦਿਆਰਥੀ ਤਾਂ ਬਿਮਾਰ ਹੋ ਜਾਂਦੇ ਹਨ। ਅਕਸਰ ਬੱਚੇ ਦੀ ਸਿਹਤ ਖਰਾਬ ਹੋ ਜਾਂਦੀ ਹੈ। ਪ੍ਰਸਿੱਧ ਸਿੱਖਿਆ ਸ਼ਾਸ਼ਤਰੀ ਐਚ. ਜੀ. ਸਟਿਡ ਦੇ ਸ਼ਬਦਾਂ ਵਿਚ ਪ੍ਰੀਖਿਆ ਵਿਦਿਆਰਥੀਆਂ ਦੇ ਅੰਦਰ ਮਨੋਭਾਵੁਕ ਅਸੰਤੁਲਨ ਉਤਪੰਨ ਕਰਦੀ ਹੈ। ਜਿਸ ਰਾਹੀਂ ਉਨ੍ਹਾਂ ਦੀ ਸਰੀਰਕ, ਮਾਨਸਿਕ ਤੇ ਮਨੋਭਾਵੁਕ ਸਿਹਤ ਖਰਾਬ ਹੋ ਜਾਂਦੀ ਹੈ। ਇਮਤਿਹਾਨ ਸਿੱਖਿਆ ਪ੍ਰਾਪਤ ਕਰਨ ਲਈ ਕੋਈ ਪ੍ਰੇਰਨਾ ਪ੍ਰਦਾਨ ਨਹੀਂ ਕਰਦੇ, ਸਗੋਂ ਪਹਿਲੀ ਪ੍ਰੇਰਣਾ ਵੀ ਖ਼ਤਮ ਕਰ ਦਿੰਦੇ ਹਨ।

(8) **ਅਧਿਆਪਕ ਉਪਰ ਵੀ ਬੁਰਾ ਪ੍ਰਭਾਵ** : ਪ੍ਰੀਖਿਆ ਪ੍ਰਣਾਲੀ ਰਾਹੀਂ ਕੇਵਲ ਵਿਦਿਆਰਥੀ ਦੀ ਯੋਗਤਾ ਦਾ ਧਿਆਨ ਵੀ ਬੱਚਿਆਂ ਨੂੰ ਪ੍ਰੀਖਿਆ ਵਿਚ ਪਾਸ ਕਰਾਉਣ ਵੱਲ ਲੱਗਾ ਰਹਿੰਦਾ ਹੈ। ਉਹ ਸਾਰੇ ਪਾਠਕ੍ਰਮ ਨੂੰ ਪੜ੍ਹਾਉਣ ਦੀ ਬਜਾਏ, ਪਾਠਕ੍ਰਮਾਂ ਦੇ ਉਸ ਭਾਗ ਉਤੇ ਵਧੇਰੇ ਧਿਆਨ ਦਿੰਦੇ ਹਨ, ਜਿੰਨਾਂ ਵਿਚੋਂ ਪ੍ਰੀਖਿਆ ਵਿਚ ਵੱਧ ਪ੍ਰਸ਼ਨ ਆਉਣ ਦੀ ਸੰਭਾਵਨਾ ਹੈ। ਇਸ ਨਾਲ ਉਸ ਦੀ ਸਫਲਤਾ ਦਾ ਨਾਸ਼ ਹੋ ਜਾਂਦਾ ਹੈ।

ਪ੍ਰੀਖਿਆ ਪ੍ਰਣਾਲੀ ਵਿਚ ਇਤਨੇ ਦੋਸ਼ ਹੁੰਦੇ ਹੋਏ ਵੀ ਅਸੀਂ ਇਸਨੂੰ ਖ਼ਤਮ ਕਰਨ ਲਈ ਤਿਆਰ ਨਹੀਂ ਹਾਂ ਇਸ ਦਾ ਮੂਲ ਕਾਰਨ ਇਹ ਹੈ ਕਿ ਸਾਡੇ ਪਾਸ ਬੱਚੇ ਦੀ ਪ੍ਰਾਪਤੀ ਪਰਖ ਦਾ ਹੋਰ ਕੋਈ ਸਾਧਨ ਨਹੀਂ ਹੈ। ਇਸ ਦੇ ਮਾਧਿਅਮ ਰਾਹੀਂ ਇਹ ਪਰਖ ਹੁੰਦੀ ਹੈ ਕਿ ਵਿਦਿਆਰਥੀ ਨੇ ਮਾਤ-ਭਾਸ਼ਾ ਪੰਜਾਬੀ ਦੀ ਸਿੱਖਿਆ ਵਿਚ ਕਿੰਨੀ ਕੁ ਪ੍ਰਗਤੀ ਕੀਤੀ ਹੈ। ਦੂਜੇ ਪਾਸੇ ਅਜੋਕੀ ਸਿੱਖਿਆ ਪ੍ਰਣਾਲੀ ਦੋਸ਼ ਪੂਰਨ ਹੈ। ਅਜੋਕੀ ਪ੍ਰੀਖਿਆ ਰਾਹੀਂ ਬੱਚੇ ਦੇ ਵਿਅਕਤੀਤੱਵ ਸਰਬ-ਪੱਖੀ ਵਿਕਾਸ ਦਾ ਮੁਲਾਂਕਣ ਨਹੀਂ ਹੋ ਸਕਦਾ। ਬੱਚਿਆਂ ਦੀ ਸ਼ਿਖਸ਼ਣ ਕ੍ਰਿਆਵਾਂ ਅਤੇ ਅਨੁਭਵ ਰਾਹੀਂ ਜੋ ਕੁਝ ਵੀ ਵਿਵਹਾਰਤ ਅਤੇ ਆਚਰਨਿਕ ਪਰਿਵਰਤਨ ਆਉਂਦਾ ਹੈ, ਉਸ ਬਾਰੇ ਜਾਣਨਾ ਜ਼ਰੂਰੀ ਹੈ। ਪਰ ਅਜੋਕੀ ਪ੍ਰੀਖਿਆ ਇਸ ਪੱਖ ਵੱਲ ਕੋਈ ਧਿਆਨ ਨਹੀਂ ਦਿੰਦੀ। ਇਹ ਤਾਂ ਕੇਵਲ ਉਹਦੇ ਉਪਰਲੀ ਸਤਰ ਦੇ ਗਿਆਨ ਦੀ ਪਰਖ ਕਰਦੀ ਹੈ।

ਮੁਲਾਂਕਣ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਵਰਤਮਾਨ ਪ੍ਰੀਖਿਆ ਪ੍ਰਣਾਲੀ ਵਿਚ ਸੁਧਾਰ ਕਰਨਾ ਲਾਜ਼ਮੀ ਹੈ। ਮੁਲਾਂਕਣ ਦਾ ਅੰਤਮ ਟੀਚਾ ਪ੍ਰੀਖਿਆ ਨੂੰ ਵੱਧ ਤੋਂ ਵੱਧ ਉਪਯੋਗੀ ਬਣਾਉਣਾ ਹੈ। ਅਸਲ ਵਿਚ

ਮੁਲਾਂਕਣ ਇਕ ਤ੍ਰਿਕੋਣੀ ਪ੍ਰਕਿਰਿਆ ਹੈ। ਇਸ ਤ੍ਰਿਕੋਣੀ ਪ੍ਰਕਿਰਿਆ ਦਾ ਆਧਾਰ ਸਿੱਖਿਆ ਦਾ ਉਦੇਸ਼ ਹੈ। ਦੂਜਾ ਕੋਣ ਸਿੱਖਿਆ ਨਾਲ ਉਤਪੰਨ ਅਨੁਭਵ ਤੇ ਤੀਜਾ ਕੋਣ ਵਿਵਹਾਰਿਕ ਪਰਿਵਰਤਨ ਕਰਨਾ ਹੈ।




ਮਾਤ ਭਾਸ਼ਾ ਦੀ ਸਿੱਖਿਆ ਦਾ ਉਦੇਸ਼ ਸਿੱਖਿਆ ਰਾਹੀਂ ਵਿਦਿਆਰਥੀਆਂ ਦੇ ਜੀਵਨ ਅਤੇ ਆਚਰਣ ਵਿਚ ਪਰਿਵਰਤਨ ਲਿਆਉਣਾ ਹੁੰਦਾ ਹੈ। ਇਨ੍ਹਾਂ ਪਰਿਵਰਤਨਾਂ ਨੂੰ ਲਿਆਉਣ ਲਈ ਸਕੂਲ ਵਿਚ ਸਿਖਣ ਅਨੁਭਵ ਪ੍ਰਦਾਨ ਕੀਤਾ ਜਾਂਦਾ ਹੈ। ਸ਼ਿਖਸ਼ਣ ਅਨੁਭਵਾਂ ਦੀ ਸਫਲਤਾ ਵਿਦਿਆਰਥੀਆਂ ਦੀ ਵਿਵਹਾਰਿਕ ਤਬਦੀਲੀਆਂ ਅਨੁਸਾਰ ਜਾਂਚੀਆਂ ਜਾਂਦੀਆਂ ਹਨ। ਜਿਸ ਤਰ੍ਹਾਂ ਸਿੱਖਿਆ ਦੇ ਉਦੇਸ਼ ਸਿਖਣ ਅਨੁਭਵ ਅਤੇ ਮੁਲਾਂਕਣ ਪਰਸਪਰ ਅੰਤਰ-ਸੰਬੰਧਤ ਹਨ।

**2.3.5 ਨਿਰੰਤਰ ਅਤੇ ਸਮੁੱਚਾ ਮੁਲਾਂਕਣ:-**

ਨਿਰੰਤਰ ਅਤੇ ਸਮੁੱਚਾ ਮੁਲਾਂਕਣ ਇਕ ਵਿਅਪਕ ਮੁਲਾਂਕਣ ਕਿਰਿਆ ਹੈ। ਪਰੰਪਰਾਗਤ ਪ੍ਰੀਖਿਆਂ ਵਿਚ ਵਿਦਿਆਰਥੀ ਸਾਲ ਦੇ ਅੰਤ ਵਿਚ ਮੁਲਾਂਕਣ ਲਈ ਪ੍ਰੀਖਿਆ ਦਿੰਦਾ ਸੀ। ਇਸ ਨਿਰੰਤਰ ਮੁਲਾਂਕਣ ਵਿਚ ਵਿਦਿਆਰਥੀ ਦੀ ਕਾਰਜੁਗਾਰੀ ਨੂੰ ਪੂਰਾ ਸਾਲ ਅਤੇ ਹਰ ਪੱਖ ਤੋਂ ਮੁਲਾਂਕਿਤ ਕੀਤਾ ਜਾਂਦਾ ਹੈ

MCP 1986 ਦੁਆਰਾ ਨਿਰੰਤਰ ਅਤੇ ਸਮੁੱਚੇ ਮੁਲਾਂਕਣ ਦੇ ਸੰਕਲਪ ਨੂੰ ਪ੍ਰਸਤਾਵਿਤ ਕੀਤਾ ਗਿਆ ਅਤੇ ਸਿੱਖਿਆਂ ਦੇ ਪ੍ਰੀਖਿਆਂ ਤੱਤ ਵਿਚ ਗੁਣਵੱਤਾ ਦੇ ਸੁਧਾਰ ਲਈ ਇਸ ਨੂੰ ਲਾਜਮੀ ਬਣਾਇਆ ਗਿਆ। ਇਸ ਪ੍ਰੀਕ੍ਰਿਆ ਨੂੰ ਸਿੱਖਿਆਂ ਅਧਿਕਾਰ ਐਕਟ 2009 ਦੇ ਅਧੀਨ ਲਾਗੂ ਕਰ ਦਿੱਤਾ ਗਿਆ। ਮੁਲਾਂਕਣ ਦੀ ਇਹ ਪਹੁੰਚ ਸਭ ਤੋਂ ਪਹਿਲਾ ਭਾਰਤ ਦੇ ਕੇਂਦਰੀ ਸੈਕੰਡਰੀ ਸਿੱਖਿਆਂ ਬੋਰਡ ਨੇ ਲਾਗੂ ਕੀਤੀ ਗਈ। ਇਸ ਪ੍ਰਣਾਲੀ ਦੇ ਹਿੱਸੇ ਵਜੋਂ ਵਿਦਿਆਰਥੀਆਂ ਦੇ ਅੰਕਾਂ ਨੂੰ ਗਰੇਡਾਂ ਵਿਚ ਤਬਦੀਲ ਕਰਨ ਦੇ ਨਾਲ ਨਾਲ ਵਾਧੂ ਪਾਠਕ੍ਰਮ ਮੁਲਾਂਕਣਾਂ ਦੀ ਲੜੀ ਕੀ ਸੁਰੂ ਕੀਤੀ ਗਈ। ਇਸ ਦਾ ਉਦੇਸ਼ ਵਿਦਿਅਕ ਪ੍ਰੋਗਰਾਮਾਂ ਦੇ ਅੰਮ ਵਿਚ ਇਕੋ ਪ੍ਰੀਖਿਆ ਦੀ ਥਾਂ ਤੇ ਪੂਰੇ ਸਾਲ ਭਰ ਵਿਚ ਛੋਟੇ-ਛੋਟੇ ਟੈਸਟ ਲੈ ਕੇ ਵਿਦਿਆਰਥੀ ਉਤੇ ਕੰਮ ਦਾ ਭਾਰ ਅਤੇ ਚਿੰਤਾ ਘੱਟ ਕਰਨਾ ਸੀ।

ਨਿਰੰਤਰ ਅਤੇ ਸਮੁੱਚੇ ਮੁਲਾਂਕਣ ਦਾ ਇਕ ਹੋਰ ਉਦੇਸ਼ ਵਿਦਿਆਰਥੀਆਂ ਨੂੰ ਉਹਨ੍ਹਾਂ ਦੀ ਸਮੁੱਚੀ ਯੋਗਤਾ ਦੇ ਆਧਾਰ ਜਿਵੇ ਤਜਰਬਾ, ਹੁਨਰ, ਨਿਪੁੰਨਤਾ, ਨਵੀਨਤਾ ਸਥਿਰਤਾ, ਟੀਮ ਵਰਕ, ਵਿਵਹਾਰ ਆਦਿ ਅਨੁਸਾਰ ਗ੍ਰੇਡ ਦੇਣਾ ਹੈ। ਇਹ ਸਿਸਟਮ ਉਨ੍ਹਾਂ ਵਿਦਿਆਰਥੀਆਂ ਲਈ ਵਧੇਰੇ ਲਾਹੇਵੰਦ ਹੈ ਜੋ ਅਕਾਦਮਿਕ ਵਿਚ ਜਿਆਦਾ ਚੰਗੇ ਨਾ ਹੋ ਕੇ ਕਲਾ, ਖੇਡਾ, ਸੰਗੀਤ ਆਦਿ ਵਿਚ ਵਧੇਰੇ ਪ੍ਰਤੀਭਾਸ਼ਾਲੀ ਹਨ।

ਵਿਧੀਆਂ:- ਹਰੇਕ ਅਕਾਦਮਿਕ ਸਾਲ ਵਿਚ ਵਿਦਿਆਰਥੀ ਦੋ ਪ੍ਰਕਾਰ ਦੀ ਪ੍ਰੀਖਿਆਂ ਲਈ ਜਾਂਦੀ ਹੈ। ਇਹ ਪ੍ਰੀਖਿਆਵਾਂ ਹਨ ਸਮਮੈਟਿਵ ਅਸੈਸਮੈਂਟ ਅਤੇ ਫਾਰਮੇਟਿਵ ਅਸੈਸਮੈਂਟ। ਫਾਰਮੈਟਿਵ ਅਸੈਂਸਮੈਂਟ ਵਿਚ ਜਮਾਤ ਦੇ ਰੋਜਾਨਾਂ ਦੇ ਟੈਸਟ, ਘਰ ਦਾ ਕੰਮ, ਮੋਖਿਕ ਟੈਸਟ, ਕਾਇਜ ਆਦਿ ਵਿਚ ਕਾਰਜਕਾਰੀ ਦੇ ਆਧਾਰ ਤੇ ਕੀਤੀ ਜਾਦੀ ਹੈ। ਇਹ ਕੁਲ ਮੁਲਾਂਕਣ ਦਾ 40 ਪ੍ਰਤੀਸ਼ਤ ਭਾਰ ਰੱਖਦੀ ਹੈ।

ਸਮਮੈਟਿਵ ਅਸੈਂਸਮੈਂਟ ਅਧੀਨ ਲੰਬੇ ਲਿਖਤੀ ਟੈਸਟ ਦੋ ਸਾਲ ਵਿਚ ਦੋ ਵਾਰ ਲਏ ਜਾਂਦੇ ਹਨ। ਇਨ੍ਹਾਂ ਟੈਸਟਾਂ ਦਾ ਕੁਲ ਭਾਰ 60 ਪ੍ਰਤੀਸ਼ਤ ਹੁੰਦਾ ਹੈ। ਸਾਲ ਦੇ ਅੰਮ ਵਿਚ ਦੋਵੇ ਸਕੋਰ ਜੋੜ ਕੇ ਗ੍ਰੇਡ ਪੁਆਇੰਟ ਤੇ ਨਤੀਜਾ ਐਲਾਨਿਆ ਜਾਂਦਾ ਹੈ।

| ਕੁਲ ਮੁਲਾਂਕਣ | | | | |
|---|---|---|---|---|
| ਸਮਮੇਟਿਵ ਅਸੈਂਸਮੇਟ | | | ਫਾਰਮੈਟਿਵ ਅਸੈਸਮੈਂਟ | |
| ਮੌਖਿਕ ਟੈਸਟ | ਲਿਖਤੀ ਟੈਸਟ | ਕੁਇਜ, ਭਾਸ਼ਣ ਆਦਿ | $FA_1$ | $FA_2$ |

ਫਾਰਮੇਟਿਵ ਅਸੈਸਮੈਂਟ ਪੂਰਾ ਸਾਲ ਨਿਰੰਤਰ ਚਲਦੀ ਰਹਿੰਦੀ ਹੈ। ਇਕ ਅਧਿਆਪਕ ਵਿਦਿਆਰਥੀ ਦੀ ਯੋਗਤਾ ਦੇ ਵੱਖਰੇ ਵੱਖਰੇ ਪਹਿਲੂਆਂ ਨੂੰ ਵੱਖਰੀਆਂ-ਵੱਖਰੀਆਂ ਵਿਧੀਆਂ ਅਤੇ ਤਕਨੀਕਾਂ ਰਾਹੀਂ ਮੁਲਾਂਕਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਅਸੈਂਸਮੈਂਟ ਵਿਆਪਕ ਹੋਣ ਕਾਰਨ ਇਸ ਵਿਚ ਯੋਗਤਾ ਅਤੇ ਕਾਰਜਕਾਰੀ ਦੇ ਕਈ ਪਹਿਲੂ ਅਸੈਸ ਕੀਤੇ ਜਾਦੇ ਹਨ। ਹਰ ਪਹਿਲੂ ਨੂੰ ਅਸੈਸ ਕਰਨ ਦੀ ਵਿਧੀ ਦਾ ਵੇਰਵਾ ਇਸ ਪ੍ਰਕਾਰ ਹੈ।

**2.3.5 ਨਿਰੰਤਰ ਅਤੇ ਸਮੁੱਚਾ, ਮੁਲਾਂਕਣ ਦਾ ਸੰਕਲਪ:**

| | ਖੇਤਰ | ਵਿਧੀਆਂ |
|---|---|---|
| 1 | ਸਾਰੇ ਸਕੂਲੀ ਵਿਸ਼ੇ | ਮੌਖਿਕ ਟੈਸਟ, ਲਿਖਤੀ ਟੈਸਟ, ਪ੍ਰੋਜੈਕਟ, ਪ੍ਰੈਕਟੀਕਲ |
| 2 | ਸਮਾਜਿਕ-ਵਿਅਕਤੀਗਤ ਗੁਣ ਜਿਵੇਂ ਸਾਫ ਸਫਾਈ, ਸਚਾਈ, ਸਹਿਯੋਗ, ਪਾਬੰਦੀ, ਅਨੁਸਾਸਨ, ਭਾਵਨਾਤਮਕ ਸਥਿਰਤਾ | ਨਿਰੀਖਣ ਅਤੇ ਇੰਟਰਵਿਊ |
| 3 | ਰੁਚੀ ਜਿਵੇਂ ਸਾਹਿਤ, ਵਿਗਿਆਨ, ਸੰਗੀਤ, ਕਲਾ, ਖੇਡਾ | ਨਿਰੀਖਣ, ਐਪਟੀਟਿਊਡ ਟੈਸਟ |
| 4 | ਸਰੀਰਕ ਵਿਕਾਸ | ਮੈਡੀਕਲ ਨਿਰੀਖਣ |
| 5 | ਕੋ-ਕਰੀਕੁਲਰ ਗਤੀਵਿਧੀਆਂ ਜਿਵੇਂ ਭਾਸਣ, ਡੀਬੇਟ, ਕੁਇਜ, ਲਿਖਣ ਆਦਿ | ਮੁਕਾਲਬੇ |
| 6 | ਵਰਕ ਤਜਰਬੇ | ਨਿਰੀਖਣ |
| 7 | ਲੀਡਰਸ਼ਿਪ ਕਲਾ | ਪ੍ਰੋਜੈਕਟ ਵਿਧੀ |
| 8 | ਸਵੈ ਪ੍ਰਗਟਾ | ਮੌਖਿਕ ਟੈਸਟ |
| 9 | ਹੁਨਰ ਅਤੇ ਕਲਾ | ਪਰਫੋਰਮੈਂਸ ਟੈਸਟ ਅਤੇ ਪ੍ਰੈਕਟੀਕਲ |

**2.3.6 ਸਾਰ :**

ਸਾਰੀ ਰਚਨਾ ਤੋਂ ਇਸ ਸਿੱਟੇ ਤੇ ਪੱਜੇ ਹਾਂ ਕਿ ਮਾਤ ਭਾਸ਼ਾ ਪੰਜਾਬੀ ਦੇ ਵਿਦਿਆਰਥੀ ਦੀ ਸਰਬਪੱਖੀ ਪ੍ਰਾਪਤੀ ਦੇ ਮੁਲਾਂਕਣ ਕਰਨ ਲਈ, ਕੋਈ ਇਕ (ਨਿਬੰਧਾਤਮਕ ਜਾਂ ਵਸਤੂਗਤ ਪ੍ਰੀਖਿਆ ਵਿਧੀ) ਆਪਣੇ ਆਪ ਵਿਚ ਪੂਰਨ ਨਹੀਂ ਹੈ। ਮਾਤ ਭਾਸ਼ਾ ਵਿਚ ਪ੍ਰਗਤੀ ਨੂੰ ਪਿਛਲੇ ਪੰਨਿਆਂ ਉਪਰ ਦਿੱਤੀਆਂ ਵਿਧੀਆਂ ਰਾਹੀਂ ਠੀਕ ਢੰਗ ਨਾਲ ਮਾਪ ਸਕਦੇ ਹਨ।

**2.3.7 ਸੁਝਾਏ ਪ੍ਰਸ਼ਨ**

1. ਬੱਚੇ ਦੀ ਸਿੱਖਿਆ ਵਿਚ ਮੁਲਾਂਕਣ ਦਾ ਕੀ ਸਥਾਨ ਹੈ?
2. ਆਧੁਨਿਕ ਪ੍ਰੀਖਿਆ ਵਿਚ ਕੀ ਦੋਸ਼ ਹਨ ?
3. ਮੁਲਾਂਕਣ ਦਾ ਕੀ ਅਰਥ ਹੈ ? ਪ੍ਰਚਲਿਤ ਪ੍ਰੀਖਿਆ ਤੇ ਆਧੁਨਿਕ ਮੁਲਾਂਕਣ ਵਿਧੀ ਵਿਚ ਕੀ ਅੰਤਰ ਹੈ ?
4. ਮਾਤ ਭਾਸ਼ਾ ਪੰਜਾਬੀ ਦੀ ਸਿੱਖਿਆ ਦੇ ਮੁਲਾਂਕਣ ਲਈ ਕਿਹੜੀ-ਕਿਹੜੀ ਵਿਧੀ ਸਾਰਥਿਕ ਹੈ ਤੇ ਉਸ ਦੀ ਵਰਤੋਂ ਕਿਵੇਂ ਕਰਨੀ ਹੈ।

**2.3.8 ਸੁਝਾਈ ਸਹਾਇਕ ਪੁਸਤਕਾਂ**


1. ਸਫਾਇਆ, ਰਘੂਨਾਥ : ਮਾਤ-ਭਾਸ਼ਾ ਦੀ ਸਿੱਖਿਆ ਵਿਧੀ
2. ਜੱਸ, ਜਸਵੰਤ ਸਿੰਘ : ਮਾਤ ਭਾਸ਼ਾ ਦੀ ਸਿੱਖਿਆ ਵਿਧੀ
3. ਆਹੂਜਾ, ਰੋਸ਼ਨ ਲਾਲ : ਮਾਤ ਭਾਸ਼ਾ ਦੀ ਸਿੱਖਿਆ
4. ਸ਼ਰਮਾ, ਟੀ.ਆਰ. : ਮਾਤ ਭਾਸ਼ਾ ਦੀ ਸਿੱਖਿਆ
5. ਭਾਟੀਆ, ਸੰਤ ਸਿੰਘ : ਮਾਤ ਭਾਸ਼ਾ ਦੀ ਸਿੱਖਿਆ
6. Ministry of Secondary Education Commission Education Report Ch.-X.
7. Ross : Measurement in To-day's Schools.
8. Kothari Education Commission Report 1966.

ਪਾਠ ਨੰ: 2.4 ਲੇਖਕ : ਡਾ. ਪੁਸ਼ਪਿੰਦਰ ਕੌਰ

## ਸੂਖਮ ਅਧਿਆਪਣ ਅਤੇ ਕੋਸ਼ਲ

2.4.0 ਢਾਂਚਾ
2.4.1 ਉਦੇਸ਼
2.4.2 ਭੂਮਿਕਾ
2.4.3 ਸੂਖਮ ਅਧਿਐਨ ਦੀ ਧਾਰਨਾ
2.4.4 ਸੂਖਮ ਅਧਿਐਨ ਦੇ ਚਰਣ
2.4.5 ਸਵੈ-ਅਧਿਐਨ
2.4.6 ਸੂਖਮ ਅਧਿਐਨ ਦੀਆਂ ਸਕਿਲ
2.4.6.1 ਪਾਠ ਦਾ ਆਰੰਭ
2.4.6.2 ਪ੍ਰਸ਼ਨ ਪੁਛਣਾ
2.4.6.3 ਉਦਾਹਰਣਾ ਸਹਿਤ ਵਿਆਖਿਆ
2.4.6.4 ਉਤੇਜਿਕ ਪਰਿਵਰਤਨ
2.4.6.5 ਪੁਸ਼ਟੀਕਰਨ ਦਾ ਕੌਸ਼ਲ
2.4.6.6 ਬਲੈਕ ਬੋਰਡ ਦੀ ਵਰਤੋਂ
2.4.7 ਸਾਰ
2.4.8 ਸੁਝਾਏ ਪ੍ਰਸ਼ਨ
2.4.9 ਸੁਝਾਈਆਂ ਪੁਸਤਕਾਂ

**2.4.1 ਉਦੇਸ਼ :**

ਇਹ ਪਾਠ ਪੜਣ ਤੋਂ ਬਾਅਦ ਵਿਦਿਆਰਥੀ ਦੱਸਣ ਯੋਗ ਹੋ ਜਾਣਗੇ ਕਿ :

(i) ਸੂਖਮ ਅਧਿਐਨ ਦਾ ਅਰਥ ਕੀ ਹੈ।

(ii) ਸੂਖਮ ਅਧਿਐਨ ਦੇ ਚਰਣ ਕਿਹੜੇ-ਕਿਹੜੇ ਹਨ।

(iii) ਸੂਖਮ ਅਧਿਐਨ ਦੇ ਕੌਸ਼ਲ ਜਿਵੇਂ ਕਿ ਪ੍ਰਸ਼ਨ ਪੁਛਣਾ, ਉਤੇਜਿਤ ਪ੍ਰੇਰਕ ਨੂੰ ਵਿਸਥਾਰ ਵਿਚ ਲਿਖਣਾ।

(iv) ਬਲੈਕ ਬੋਰਡ ਵਰਤਣਾ ਅਤੇ ਪੁਸ਼ਟੀਕਰਨ ਸੂਖਮ ਅਧਿਐਨ ਦੀਆਂ ਸਕਿਲ ਦੀ ਵਿਆਖਿਆ ਕਰਨਾ।

2.4.2 ਭੂਮਿਕਾ :

ਸੂਖਮ ਦਾ ਅਰਥ ਹੈ-ਲਘੂ (ਛੋਟੇ) ਪੈਮਾਨੇ ਵਾਲੀ। ਇਸ ਤਰ੍ਹਾਂ, ਸੂਖਮ ਅਧਿਆਪਨ ਦਾ ਸਧਾਰਨ ਸ਼ਬਦਾਂ ਵਿਚ ਅਰਥ ਹੈ-ਲਘੂ ਸ਼੍ਰੇਣੀ, ਲਘੂ ਪਾਠ-ਅਵਧੀ ਤੇ ਲਘੂ ਪਾਠ-ਸਮੱਗਰੀ ਦੁਆਰਾ ਅਧਿਆਪਨ। ਸੂਖਮ ਅਧਿਆਪਨ ਇਕ ਅਜਿਹੀ ਅਧਿਆਪਕ-ਅਧਿਆਪਨ ਵਿਧੀ ਹੈ ਜੋ ਸ਼੍ਰੇਣੀ-ਅਧਿਆਪਨ ਦੀ ਜਟਿਲਤਾ ਤੇ ਵਿਸਥਾਰ ਨੂੰ ਘਟਾ ਕੇ, ਉਹਨਾਂ ਨੂੰ ਲਘੂ ਰੂਪ ਪ੍ਰਦਾਨ ਕਰਦੀ ਹੈ ਅਤੇ ਅਧਿਆਪਨ ਕੌਸ਼ਲਾਂ ਤੇ ਨਿਪੁੰਨਤਾਵਾਂ ਦੀ ਉੱਨਤੀ ਲਈ ਕਾਰਜ ਕਰਦੀ ਹੈ। ਇਸਦਾ ਪ੍ਰਯੋਗ, ਅਧਿਆਪਕ-ਸਿਖਿਆਰਥੀਆਂ ਦੇ ਵਿਵਹਾਰ ਪਰਿਵਰਤਨ ਲਈ ਵੀ ਕੀਤਾ ਜਾਂਦਾ ਹੈ। ਸੂਖਮ ਅਧਿਆਪਨ, ਅਧਿਆਪਕ ਸਿਖਲਾਈ ਦੇ ਪ੍ਰੋਗਰਾਮ ਵਿਚ ਸੱਭ ਤੋਂ ਨਵੀਨ ਤੇ ਮਹੱਤਵਪੂਰਨ ਕਾਢ ਹੈ।

ਅਧਿਆਪਨ ਇਕ ਗੁੰਝਲਦਾਰ ਪ੍ਰਕਿਰਿਆ ਹੈ। ਇਸ ਉੱਪਰ ਇੰਨੀ ਜਲਦੀ ਮੁਹਾਰਤ ਹਾਸਿਲ ਨਹੀਂ ਹੋ ਸਕਦੀ ਜਿੰਨੀ ਆਮ ਤੌਰ ਤੇ ਸਮਝੀ ਜਾਂਦੀ ਹੈ। ਇਸ ਸਿਖਲਾਈ ਵੱਲ ਹੌਲੀ-ਹੌਲੀ, ਕ੍ਰਮਬੱਧ ਢੰਗ ਨਾਲ ਅੱਗੇ ਵੱਧਣਾ ਪੈਂਦਾ ਹੈ। ਇਕ-ਇਕ ਅਧਿਆਪਨ-ਕੌਸ਼ਲ

(Teaching Skill) ਦੀ ਸਿਖਲਾਈ ਪ੍ਰਾਪਤ ਕਰਨੀ ਪੈਂਦੀ ਹੈ। ਫਿਰ ਉਨ੍ਹਾਂ ਦੀ ਸੰਗਠਨਤਾ ਕਰਨੀ ਪੈਂਦੀ ਹੈ। ਇਸ ਲਈ, ਨਿਰੰਤਰ ਅਭਿਆਸ ਦੀ ਲੋੜ ਹੁੰਦੀ ਹੈ। ਪਰੰਪਰਾਗੱਤ ਅਧਿਆਪਨ ਸਿੱਖਿਆ ਦੀ ਇਸ ਘਾਟ ਨੂੰ ਸੂਖਮ-ਅਧਿਆਪਨ ਦੁਆਰਾ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ। ਆਧੁਨਿਕ ਸਿੱਖਿਆ ਪ੍ਰਕਿਰਿਆ ਵਿਚ ਭਾਵੇਂ ਬਹੁਤ ਸਾਰੀਆਂ ਨਵੀਆਂ ਤਕਨੀਕਾਂ ਤੇ ਢੰਗ, ਅੱਜਕਲ ਅਧਿਆਪਨ ਸਿਖਲਾਈ ਲਈ ਈਜਾਦ ਹੋਈਆਂ ਹਨ, ਪਰ ਸੂਖਮ-ਅਧਿਆਪਨ ਨੂੰ ਅਧਿਆਪਕ-ਸਿਖਲਾਈ ਲਈ ਲਾਜ਼ਮੀ ਤੌਰ ਤੇ ਵਰਤਿਆ ਜਾਂਦਾ ਹੈ।

ਸੂਖਮ-ਅਧਿਆਪਨ, 1966 ਈ. ਵਿਚ **ਰਾਬਰਟ ਬੁੱਸ਼ ਤੇ ਰਾਈਟ ਐਲਨ** (Robert Bush and D.W. Allen) ਦੇ ਖੋਜ ਕਾਰਜਾਂ ਦਾ ਸਿੱਟਾ ਹੈ। ਇਹ ਖੋਜ ਕਾਰਜ ਅਮਰੀਕਾ ਵਿਚ, ਸਟੈਂਡਫੋਰਡ ਦੀ ਯੂਨੀਵਰਸਿਟੀ (Standford University) ਵਿਚ ਕੀਤੇ ਗਏ ਸਨ।

ਸੂਖਮ-ਅਧਿਆਪਨ ਇਕ ਨਵੀਨ ਅਧਿਆਪਨ ਸਿਖਲਾਈ ਵਿਧੀ ਹੈ ਜੋ ਵਧੇਰੇ ਕਰਕੇ, ਪੂਰਵ ਸੇਵਾ ਦੇ ਪੱਧਰਾਂ ਲਈ ਅਧਿਆਪਕ ਤਿਆਰ ਕਰਨ ਲਈ ਵਰਤੀ ਜਾਂਦੀ ਹੈ। ਸੇਵਾ-ਕਾਲੀਨ ਅਧਿਆਪਕਾਂ ਦਾ ਇਸ ਵਿਧੀ ਦੁਆਰਾ ਵਿਵਸਾਇਕ ਵਿਕਾਸ ਕੀਤਾ ਜਾ ਸਕਦਾ ਹੈ। ਇਹ ਸ਼੍ਰੇਣੀ-ਅਧਿਆਪਨ ਦੀ ਵਿਧੀ ਨਹੀਂ ਹੈ, ਸਗੋਂ ਅਧਿਆਪਕ ਸਿਖਲਾਈ ਦੀ ਇਕ ਮਹੱਤਵਪੂਰਨ ਤਕਨੀਕ ਹੈ। ਇਹ ਇਕ ਅਜਿਹੀ ਅਧਿਆਪਨ ਵਿਧੀ ਹੈ ਜਿਸ ਵਿਚ ਨਵੇਂ-ਅਧਿਆਪਕ ਨੂੰ ਬਹੁਤ ਘੱਟ ਅਧਿਆਪਨ ਗੁੰਝਲਾਂ ਮਿਲਦੀਆਂ ਹਨ। ਉਸ ਨੂੰ ਆਪਣੇ ਅਧਿਆਪਨ-ਕਾਰਜ ਦੀ ਪ੍ਰਤੀ-ਪੁਸ਼ਟੀ (feedback) ਨਾਲੋ ਨਾਲ ਪ੍ਰਾਪਤ ਹੁੰਦੀ ਰਹਿੰਦੀ ਹੈ। ਅਧਿਆਪਨ ਮੁਸ਼ਕਿਲਾਂ ਤੇ ਗੁੰਝਲਾਂ ਨੂੰ ਘੱਟ ਕਰਨ ਲਈ ਪਾਠ ਦੀ ਲੰਬਾਈ ਘਟਾ ਦਿੱਤੀ ਜਾਂਦੀ ਹੈ। ਪਾਠ ਦੇ ਖੇਤਰ ਨੂੰ ਸੰਕੁਚਿਤ ਕਰਕੇ, ਵਿਦਿਆਰਥੀਆਂ ਦੀ ਗਿਣਤੀ ਘਟਾ ਦਿੱਤੀ ਜਾਂਦੀ ਹੈ। ਅਧਿਆਪਨ ਕੌਸ਼ਲਾਂ ਵਿਚੋਂ ਇਕ ਸਮੇਂ ਇਕ ਜਾਂ ਦੋ ਕੌਸ਼ਲਾਂ ਦਾ ਅਭਿਆਸ ਕਰਾਇਆ ਜਾਂਦਾ ਹੈ। ਵਿਦਿਆਰਥੀ-ਅਧਿਆਪਕ ਵਲੋਂ ਦਿੱਤਾ ਗਿਆ ਪਾਠ, ਉਸਨੂੰ ਦੁਬਾਰਾ ਵੀਡਿਉ ਨਾਲ ਦਿਖਾਇਆ ਜਾਂਦਾ ਹੈ ਜਾਂ ਮੁਲਾਂਕਣ ਕਰਨ ਵਾਲਾ ਨਿਰੀਖਿਅਕ ਦੱਸ ਦਿੰਦਾ ਹੈ। ਫਿਰ ਉਹ ਆਪਣੀਆਂ ਗਲਤੀਆਂ/ਘਾਟਾਂ ਦੀ ਸੋਧ ਕਰਦਾ ਹੈ ਤੇ ਦੁਬਾਰਾ ਉਹੀ ਪਾਠ ਪੜ੍ਹਾਉਂਦਾ ਹੈ। ਉਸਦਾ ਫਿਰ ਮੁਲਾਂਕਣ ਹੁੰਦਾ ਹੈ। ਇਸ ਤਰ੍ਹਾਂ, ਇਹ ਪ੍ਰਕਿਰਿਆ ਉਦੋਂ ਤੱਕ ਚੱਲਦੀ ਰਹਿੰਦੀ ਹੈ, ਜਦੋਂ ਤੱਕ ਉਹ ਉਸ ਅਧਿਆਪਨ-ਕੌਸ਼ਲ ਵਿਚ ਮਾਹਰ ਨਹੀਂ ਹੋ ਜਾਂਦਾ।

2.4.3 ਸੂਖਮ ਅਧਿਐਨ **ਦੀ ਧਾਰਨਾ :**

1. **ਐਲਨ** (D.W. Allen) : ਸੂਖਮ ਅਧਿਆਪਨ ਸਰਲੀਕ੍ਰਿਤ ਅਧਿਆਪਨ ਪ੍ਰਕਿਰਿਆ ਹੈ, ਜੋ ਛੋਟੇ ਆਕਾਰ ਦੀ ਸ਼੍ਰੇਣੀ ਅਤੇ ਥੋੜ੍ਹੇ ਸਮੇਂ ਵਿਚ ਸੰਪੂਰਨ ਹੁੰਦੀ ਹੈ।

2. **ਕਲਿਫ਼ਟ** (Clift, 1976) : ਸੂਖਮ-ਅਧਿਆਪਨ, ਅਧਿਆਪਕ ਨੂੰ ਸਿਖਲਾਈ ਦੇਣ ਦੀ ਇਕ ਅਜਿਹੀ ਪ੍ਰਕਿਰਿਆ ਹੈ, ਜਿਸ ਵਿਚ ਅਧਿਆਪਨ ਸਥਿਤੀ ਨੂੰ ਸਰਲ ਬਣਾ ਦਿੱਤਾ ਜਾਂਦਾ ਹੈ ਅਤੇ ਸਮੇਂ ਤੇ ਸ਼੍ਰੇਣੀ ਦੇ ਆਕਾਰ ਨੂੰ ਛੋਟਾ ਬਣਾ ਕੇ, ਵਿਸ਼ੇਸ਼ ਕੌਸ਼ਲਾਂ ਵਾਲੇ ਅਧਿਆਪਨ ਦਾ ਅਭਿਆਸ ਕੀਤਾ ਜਾਂਦਾ ਹੈ।

3. **ਬੁੱਸ਼** (R.N. Bush) : ਸੂਖਮ-ਅਧਿਆਪਨ ਅਜਿਹੀ ਅਧਿਆਪਨ ਤਕਨੀਕ ਹੈ, ਜਿਹੜੀ ਅਧਿਆਪਕਾਂ ਨੂੰ ਨਿਸ਼ਚਿਤ ਅਧਿਆਪਨ ਕੌਸ਼ਲਾਂ ਦੀ ਸਿਖਲਾਈ ਪ੍ਰਦਾਨ ਕਰਦੀ ਹੈ। ਇਹ ਅਸਲ ਵਿਦਿਆਰਥੀਆਂ ਦੇ ਛੋਟੇ-ਛੋਟੇ ਸਮੂਹਾਂ ਨੂੰ 10 ਮਿੰਟਾਂ ਤੱਕ ਪੜ੍ਹਾਉਣ ਦਾ ਅਵਸਰ ਪ੍ਰਦਾਨ ਕਰਦੀ ਹੈ, ਜਿਸ ਵਿਚ ਵੀਡੀਉ ਟੇਪ ਦੁਆਰਾ ਪੂਰੀ ਤਰ੍ਹਾਂ, ਨਿਰੀਖਣ ਕੀਤਾ ਜਾਂਦਾ ਹੈ।

4. **ਯੰਗ** (David B. Young) : ਨੇ ਸੂਖਮ ਅਧਿਆਪਨ ਦੀ ਬਹੁਤ ਸਧਾਰਨ ਤੇ ਸਰਲ ਪਰਿਭਾਸ਼ਾ ਦਿੱਤੀ ਹੈ- ਸੂਖਮ-ਅਧਿਆਪਨ ਇਕ ਅਜਿਹੀ ਤਰਕੀਬ ਹੈ, ਜਿਹੜੀ ਨਵੇਂ ਤੇ ਅਨੁਭਵੀ ਅਧਿਆਪਕਾਂ, ਦੋਹਾਂ ਨੂੰ ਅਧਿਆਪਨ ਦੀ ਪ੍ਰਗਤੀ ਦਾ ਮੌਕਾ ਪ੍ਰਦਾਨ ਕਰਦੀ ਹੈ।

5. **ਪਾਸੀ ਤੇ ਲਲਿਤਾ** (B.K. Passi and M.S. Lalita) : ਸੂਖਮ ਅਧਿਆਪਨ ਉਹ ਸਿਖਲਾਈ ਵਿਧੀ ਹੈ, ਜਿਸ ਦੁਆਰਾ ਵਿਦਿਆਰਥੀ-ਅਧਿਆਪਕ, ਇਕ ਸੰਕਲਪ ਦਾ ਅਧਿਆਪਨ, ਵਿਸ਼ੇਸ਼ ਅਧਿਆਪਨ ਕੌਸ਼ਲ ਦੇ ਪ੍ਰਯੋਗ ਦੁਆਰਾ, ਥੋੜ੍ਹੇ ਜਿਹੇ ਵਿਦਿਆਰਥੀਆਂ ਲਈ ਤੇ ਥੋੜ੍ਹੇ ਸਮੇਂ ਵਿਚ ਕਰੇ।

6. **ਸਿੰਘ** (L.C. Singh) : ਸੂਖਮ ਅਧਿਆਪਨ, ਅਧਿਆਪਨ ਦਾ ਸਰਲੀਕ੍ਰਿਤ ਲਘੂ ਰੂਪ ਹੈ, ਜਿਸ ਵਿਚ, ਅਧਿਆਪਕ, 5 ਵਿਦਿਆਰਥੀਆਂ ਦੇ ਸਮੂਹ ਨੂੰ, 5-20 ਮਿੰਟਾਂ ਤੱਕ ਦੇ ਸਮੇਂ ਵਿਚ, ਪਾਠਕਰਮ ਦੀ ਇਕ ਛੋਟੀ ਜਿਹੀ ਇਕਾਈ ਦਾ ਅਧਿਆਪਨ ਪ੍ਰਦਾਨ ਕਰ ਦਿੰਦਾ ਹੈ। (Micro-Teaching is a scaled down-teaching encounter, in which a

teacher teaches a small unit of group of 5 pupils for a small period of 5 to 20 minutes.)

**2.4.4 ਮਾਈਕਰੋ ਟੀਚਿੰਗ ਦੇ ਚਰਣ :**

Mr. Edipt ਅਤੇ ਕਈ ਹੋਰ ਸਿੱਖਿਆ ਸ਼ਾਸਤਰੀਆਂ ਅਨੁਸਾਰ ਮਾਈਕਰੋ ਸ਼ਿਖਸ਼ਣ ਪ੍ਰਕਿਰਿਆ ਦੇ ਹੇਠ ਲਿਖੇ ਤਿੰਨ ਪੜਾਅ ਹਨ :

2.4.4.1. **ਗਿਆਨ ਪ੍ਰਾਪਤੀ ਚਰਣ** (Knowledge acquistion skill) : ਇਸ ਸਟੇਜ ਉੱਤੇ ਵਿਦਿਆਰਥੀ ਅਧਿਆਪਕ ਅਭਿਆਸ ਕੀਤੇ ਜਾਣ ਵਾਲੇ ਹੁਨਰ ਸੰਬੰਧੀ ਗਿਆਨ ਪ੍ਰਾਪਤ ਕਰਦਾ ਹੈ। ਉਹ ਉਸ ਹੁਨਰ ਬਾਰੇ ਲੋੜੀਂਦਾ ਸਾਹਿਤ ਪੜ੍ਹਦਾ ਹੈ। ਉਹ ਕਿਸੇ ਅਜਿਹੇ ਪਾਠ ਦੀ ਪ੍ਰਦਰਸ਼ਨੀ (Demonstration) ਨੂੰ ਵੀ ਧਿਆਨ ਨਾਲ ਵੇਖਦਾ ਹੈ। ਜਿਸ ਵਿਚ ਉਹ ਹੁਨਰ ਦੀ ਵਰਤੋਂ ਕੀਤੀ ਹੋਈ ਹੁੰਦੀ ਹੈ। ਜਿਹੜਾ ਵਿਅਕਤੀ ਉਹ ਪ੍ਰਦਰਸ਼ਨੀ ਪੇਸ਼ ਕਰਦਾ ਹੈ, ਉਹ ਉਸ ਵਿਸ਼ੇ ਅਤੇ ਹੁਨਰ ਦਾ ਵਿਸ਼ੇਸ਼ਗ (expert) ਹੁੰਦਾ ਹੈ। ਸਿਖਾਂਦਰੂ ਅਧਿਆਪਕ ਉਸ ਪਾਠ ਦਾ ਚੰਗਾ ਤਰ੍ਹਾਂ ਨਿਰੀਖਣ ਕਰਕੇ ਉਸ ਹੁਨਰ ਦਾ ਸਿਧਾਂਤਕ ਅਤੇ ਪ੍ਰਯੋਗਾਤਮਕ ਗਿਆਨ ਪ੍ਰਾਪਤ ਕਰਦਾ ਹੈ।

2.4.4.2. **ਹੁਨਰ ਪ੍ਰਾਪਤੀ ਚਰਣ** (Skill Acquisition phase) : ਸਿਖਾਂਦਰੂ ਅਧਿਆਪਕ ਕਾਫੀ ਅਭਿਆਸ ਰਾਹੀਂ ਹੱਥਲੇ ਹੁਨਰ ਦੀ ਪ੍ਰਾਪਤੀ ਕਰਦਾ ਹੈ। ਉਹ ਮਾਈਕਰੋ ਪਾਠ ਤਿਆਰ ਕਰਦਾ ਹੈ, ਅਭਿਆਸ ਪ੍ਰਾਪਤ ਕਰਨ ਲਈ ਉਸ ਨੂੰ ਪੜਾਉਂਦਾ ਹੈ ਅਤੇ ਪ੍ਰਤਿਪੁਸ਼ਟੀ ਰਾਹੀਂ ਆਪਣੇ ਕੰਮ ਦੀ ਜਾਂਚ ਕਰਦਾ ਹੈ। ਇਸ ਮਗਰੋਂ ਉਹ ਆਪਣੇ ਪਾਠ ਦੀ ਪੁਨਰ ਯੋਜਨਾਬੰਦੀ (replanning) ਕਰਦਾ ਹੈ। ਉਸ ਵਿਚ ਕਈ ਉੱਨਤੀਆਂ ਅਤੇ ਸੁਧਾਰ ਲਿਆਉਂਦਾ ਹੈ ਅਤੇ ਉਸ ਨੂੰ ਫਿਰ ਪੜ੍ਹਾਉਂਦਾ ਹੈ। ਇਸ ਪਿਛੋਂ ਉਸ ਨੂੰ ਦੁਬਾਰਾ ਪ੍ਰਤਿਪੁਸ਼ਟੀ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਜੋ ਉਸ ਸ਼ਿਖਸ਼ਣ ਹੁਨਰ ਵਿਚ ਨਿਪੁੰਨਤਾ ਪ੍ਰਾਪਤ ਕਰ ਸਕੇ। ਇਸ ਤਰ੍ਹਾਂ ਵਿਦਿਆਰਥੀ ਅਧਿਆਪਕ ਵਲੋਂ ਵੱਖ-ਵੱਖ ਹੁਨਰ ਇਕ ਇਕ ਕਰਕੇ ਸਿੱਖ ਜਾਂਦੇ ਹਨ।

2.4.4.3. **ਤਬਾਦਲਾ ਚਰਨ** (Transfer phase) : ਇਸ ਸਟੇਜ ਉਤੇ ਵਿਦਿਆਰਥੀ ਅਧਿਆਪਕ ਵੱਖ-ਵੱਖ ਹੁਨਰਾਂ ਦਾ ਏਕੀਕਰਣ (Integration) ਕਰਦਾ ਹੈ ਇਸ ਦੇ ਨਾਲ ਹੀ ਉਸ ਬਣਾਵਟੀ ਸਥਿਤੀ ਦੇ ਥਾਂ ਅਸਲ ਸ਼੍ਰੇਣੀ ਕਮਰੇ ਵਿਚ ਪੜ੍ਹਾਉਂਦਾ ਹੈ, ਜਿਸ ਵਿਚ ਵਿਦਿਆਰਥੀਆਂ ਦੀ ਗਿਣਤੀ ਪੂਰੀ ਕਲਾਸ ਵਾਲੀ ਹੁੰਦੀ ਹੈ। ਉਸ ਦਾ ਪਾਠ 30 ਜਾਂ 35 ਮਿੰਟਾਂ ਦੇ ਸਮੇਂ ਦਾ ਹੁੰਦਾ ਹੈ ਅਤੇ ਉਹ ਉਨ੍ਹਾਂ ਸਾਰੇ ਹੁਨਰਾਂ ਦਾ ਏਕੀਕਰਣ ਕਰਦਾ ਹੈ, ਜਿਹੜੇ ਉਸ ਨੇ ਚਰਣ ਨੰਬਰ 1 ਅਤੇ ਚਰਨ ਨੰਬਰ 2 ਵਿਚ ਸਿੱਖੇ ਹਨ।

**2.4.5 ਸਵੈ-ਅਧਿਐਨ :**

(i) ਸੂਖਮ ਅਧਿਐਨ ਦੀ ਧਾਰਨਾ ਕੀ ਹੈ।

..........................................................................................................

..........................................................................................................

..........................................................................................................

(ii) ਸੂਖਮ ਅਧਿਐਨ ਦੇ ਚਰਣਾਂ ਦੀ ਵਿਆਖਿਆ ਕਰੋ।

..........................................................................................................

..........................................................................................................

..........................................................................................................

**2.4.6 ਸੂਖਮ ਅਧਿਐਨ ਦੀਆਂ ਸਕਿਲ :**

ਸ਼ਿਖਸ਼ਣ ਇਕ ਗੁੰਝਲਦਾਰ ਕਾਰਜ ਹੈ ਜਿਹੜਾ ਵੱਖ-ਵੱਖ ਵਿਸ਼ੇਸ਼ ਸ਼ਿਖਸ਼ਣ ਹੁਨਰਾਂ ਦਾ ਬਣਿਆ ਹੋਇਆ ਹੈ ਮਾਈਕਰੋ ਸ਼ਿਖਸ਼ਣ ਰਾਹੀਂ ਸ਼੍ਰੇਣੀ-ਕਮਰੇ ਦੀਆਂ ਗੁੰਝਲਾਂ ਨੂੰ ਘਟਾਇਆ ਜਾ ਸਕਦਾ ਹੈ। ਇਸ ਵਿਚ ਵੱਖ-ਵੱਖ ਹੁਨਰਾਂ ਨੂੰ ਪਛਾਣਿਆ ਜਾਂਦਾ ਹੈ ਅਤੇ ਇਸ ਮਗਰੋਂ ਹਰ ਹੁਨਰ ਵਿਚ ਨਿਪੁੰਨਤਾ ਪ੍ਰਾਪਤ ਕੀਤੀ ਜਾਂਦੀ ਹੈ। ਇਥੇ ਦੋ ਪ੍ਰਸ਼ਨ ਉੱਠਦੇ ਹਨ ਜਿਨ੍ਹਾਂ ਉੱਤੇ ਵਿਚਾਰ ਕਰਨਾ ਜ਼ਰੂਰੀ ਹੈ। ਪਹਿਲਾ ਪ੍ਰਸ਼ਨ ਇਹ ਹੈ ਕਿ ਹੁਨਰ ਕਿਸ ਚੀਜ਼ ਨੂੰ ਕਿਹਾ ਜਾਂਦਾ ਹੈ? ਦੂਜਾ ਪ੍ਰਸ਼ਨ ਇਹ ਹੈ ਕਿ ਸ਼ਿਖਸ਼ਣ ਪ੍ਰਕਿਰਿਆ ਵਿਚ ਕਿੰਨੇ ਹੁਨਰ ਸ਼ਾਮਲ ਹਨ ?

**ਸ਼ਿਖਸ਼ਣ ਹੁਨਰ ਕੀ ਹੁੰਦਾ ਹੈ ?**

W.L. Gage ਦੇ ਸ਼ਬਦ ਵਿਚ, ਸ਼ਿਖਸ਼ਣ ਹੁਨਰ ਵਿਸ਼ੇਸ਼ ਸ਼ਿਖਸ਼ਣ ਕਾਰਜਸ਼ੀਲਤਾਵਾਂ ਅਤੇ ਪ੍ਰਕ੍ਰਿਆਵਾਂ ਹੁੰਦੀਆਂ ਹਨ ਜਿਹੜੀਆਂ ਅਧਿਆਪਕ ਵਲੋਂ ਸ਼ਰੇਣੀ ਕਮਰੇ ਵਿਚ ਵਰਤੀਆਂ ਜਾਂਦੀਆਂ ਹਨ ਇਹ ਸ਼ਿਖਸ਼ਣ ਦੀਆਂ ਵੱਖ-ਵੱਖ ਸਟੇਜਾਂ ਨਾਲ ਸੰਬੰਧਿਤ ਹੁੰਦੀਆਂ ਹਨ ਜਾ ਅਧਿਆਪਕ ਦੇ ਲਗਾਤਾਰ ਕੰਮ ਨੂੰ ਪ੍ਰਗਟਾਉਂਦੀਆਂ ਹਨ।

**ਕਿੰਨੇ ਹੁਨਰ ਹੁੰਦੇ ਹਨ?**

ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਸ਼ਿਖਸ਼ਣ ਕਾਰਜ ਵਿਚ ਕਿੰਨੇ ਹੁਨਰ ਹੁੰਦੇ ਹਨ। ਕੁੱਝ ਖੋਜਕਾਰਾਂ ਦੇ ਸ਼ਿਖਸ਼ਣ ਹੁਨਰਾਂ ਦੇ ਕਈ ਸੈੱਟਾਂ ਦੀ ਪਛਾਣ ਕੀਤੀ ਹੈ। ਉਨ੍ਹਾਂ ਵਿਚੋਂ ਕਈ ਪਰਸਪਰ ਮਿਲਦੇ-ਜੁਲਦੇ ਹਨ ਭਾਵੇਂ ਉਨ੍ਹਾਂ ਦੇ ਨਾਂ ਵੱਖੋ ਵੱਖਰੇ ਹਨ। Stranford University ਦੇ Allen ਅਤੇ Ryan ਨੇ 14 ਹੁਨਰਾਂ ਨੂੰ ਵੱਖ-ਵੱਖ ਰੂਪਾਂ ਵਿਚ ਦਰਸਾਇਆ ਹੈ। Barg ਅਤੇ ਉਸ ਦੇ ਸਾਥੀਆਂ ਨੇ ਇਨਾ ਦੀ ਗਿਣਤੀ ਨੂੰ 18 ਤੱਕ ਵਧਾ ਕੇ ਦਰਸਾਇਆ ਹੈ।

ਭਾਰਤ ਵਿਚ B.K. Passi ਨੇ ਬੜੌਦਾ ਦੇ CASE ਵਿਚ ਕੀਤੇ ਹੋਏ ਕੰਮ ਦੇ ਆਧਾਰ ਉੱਤੇ ਸ਼ਿਖਸ਼ਣ ਕਾਰਜ ਦੇ 21 ਹੁਨਰ ਦਰਸਾਏ ਹਨ। Jangira ਅਤੇ ਉਸ ਦੇ ਸਾਥੀਆਂ ਨੇ 1979 ਵਿਚ 20 ਹੁਨਰਾਂ ਦੀ ਸੂਚੀ ਪੇਸ਼ ਕੀਤੀ ਸੀ।

ਸ਼ਿਖਸ਼ਣ ਅਧਿਆਪਕ ਵਲੋਂ ਪੜ੍ਹਾਉਣ ਸਮੇਂ ਉਤਪੰਨ ਕੀਤੀ ਹੋਈ ਉਕਸਾਹਟ ਉੱਤੇ ਨਿਰਭਰ ਹੈ। ਇਕ ਚੰਗਾ ਅਧਿਆਪਕ ਆਪਣੇ ਸ਼ਿਖਸ਼ਣ ਵਿਚ ਵੰਨ ਸੁਵੰਨਤਾ ਲਿਆਉਣ ਲਈ ਉਕਸਾਹਟ ਨੂੰ ਸਦਾ ਤਬਦੀਲ ਕਰਦਾ ਰਹਿੰਦਾ ਹੈ। ਇੰਝ ਕਰਨ ਨਾਲ ਉਸ ਵਿਦਿਆਰਥੀਆਂ ਦਾ ਧਿਆਨ ਖਿੱਚਣ ਵਿਚ ਸਫਲ ਹੁੰਦਾ ਹੈ। ਇਸ ਕੰਮ ਲਈ ਅਧਿਆਪਕ ਨੂੰ ਹਰਕਤਾਂ ਕਰਨ, ਇਸ਼ਾਰੇ ਕਰਨ, ਕਿਸੇ ਚੀਜ਼ ਉਤੇ ਵਧੇਰੇ ਜ਼ੋਰ ਦੇਣ, ਅਰਥਾਤ ਫੋਕਸ ਕਰਨ (Focussing) ਅਤੇ ਅੰਤਰ ਕਾਰਜ ਢੰਗ (Inter actional styles) ਵਰਤਣ ਵਿਚ ਨਿਪੁੰਨ ਹੋਣਾ ਚਾਹੀਦਾ ਹੈ।

**2.4.6.1 ਪਾਠ ਦਾ ਆਰੰਭ :**

ਅਧਿਆਪਨ ਕੌਸ਼ਲਾਂ ਦੀ ਜਾਣ-ਪਛਾਣ ਪਿਛੋਂ, ਇਹ ਜ਼ਰੂਰੀ ਹੁੰਦਾ ਹੈ ਕਿ ਇਨ੍ਹਾਂ ਕੌਸ਼ਲਾਂ ਦਾ ਕਿਵੇਂ ਉਪਯੋਗ ਤੇ ਅਭਿਆਸ ਕੀਤਾ ਜਾਵੇ? ਇਸ ਲਈ, ਸੂਖਮ-ਅਧਿਆਪਨ ਪ੍ਰਕਿਰਿਆ ਦਾ ਉਪਯੋਗ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ, ਅਧਿਆਪਨ ਕੌਸ਼ਲ ਦਾ ਅਰਥ ਤੇ ਉਸਦੇ ਅੰਸ਼ਾਂ (Components) ਬਾਰੇ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ। ਫਿਰ ਸੂਖਮ ਪਾਠ ਯੋਜਨਾ (Micro Lesson Plan) ਤਿਆਰ ਕੀਤੀ ਜਾਂਦੀ ਹੈ। ਉਸ ਅਨੁਸਾਰ, ਅਧਿਆਪਨ ਕੌਸ਼ਲ ਦਾ ਅਭਿਆਸ ਕੀਤਾ ਜਾਂਦਾ ਹੈ। ਨਿਰੀਖਣ-ਸੂਚੀ (Evaluation schedule) ਦੁਆਰਾ, ਉਸ ਦਾ ਮੁਲਾਂਕਣ ਕੀਤਾ ਜਾਂਦਾ ਹੈ ਤੇ ਸੂਖਮ-ਅਧਿਆਪਨ ਚੱਕਰ ਨੂੰ ਸੰਪੂਰਨ ਕੀਤਾ ਜਾਂਦਾ ਹੈ। ਇਥੇ ਕੁਝ ਮਹੱਤਵਪੂਰਨ ਅਧਿਆਪਨ ਕੌਸ਼ਲਾਂ ਬਾਰੇ ਉਦਾਹਰਨਾਂ ਸਹਿਤ ਵਰਨਣ ਕੀਤਾ ਜਾਵੇਗਾ।

**ਪਾਠ ਪ੍ਰਸਤਾਵਨਾ ਕੌਸ਼ਲ**

ਇਸ ਅਧਿਆਪਨ-ਕੌਸ਼ਲ ਨੂੰ Set Induction ਕੌਸ਼ਲ ਵੀ ਕਹਿੰਦੇ ਹਨ। ਇਸ ਕੌਸ਼ਲ ਦਾ ਸੰਬੰਧ ਪਾਠ ਨੂੰ ਆਰੰਭ ਕਰਨ ਦੀ ਕਲਾ ਨਾਲ ਹੈ। ਅਧਿਆਪਕ ਪਾਠ ਆਰੰਭ ਕਰਨ ਤੋਂ ਪੂਰਵ, ਵਿਦਿਆਰਥੀਆਂ ਦਾ ਧਿਆਨ ਪਾਠ ਦੇ ਵਿਸ਼ੇ ਵੱਲ ਖਿੱਚਣ ਲਈ ਜਿਸ ਪ੍ਰਕਿਰਿਆ ਨੂੰ ਅਪਣਾਉਂਦਾ ਹੈ ਉਸਨੂੰ ਪ੍ਰਸਤਵਾਨਾ ਕੌਸ਼ਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪ੍ਰਸਤਾਵਨਾ ਦੁਆਰਾ ਵਿਦਿਆਰਥੀ ਸਿੱਖਣ ਵੱਲ ਕੇਂਦਰਿਤ ਹੋ ਜਾਂਦਾ ਹੈ। ਕਿਸੇ ਵੀ ਪਾਠ ਨੂੰ ਕੁਸ਼ਲਤਾ ਪੂਰਵਕ ਪ੍ਰਸਤੁੱਤ ਕਰਨ ਲਈ ਅਧਿਆਪਕ ਦੀ ਪ੍ਰਸਤਾਵਨਾ ਕੌਸ਼ਲ ਵਿਚ ਨਿਪੁੰਨਤਾ ਪ੍ਰਾਪਤ ਕਰਨੀ ਬਹੁਤ ਜ਼ਰੂਰੀ ਹੈ। ਇਸ ਦੁਆਰਾ, ਅਧਿਆਪਕ ਸ਼੍ਰੇਣੀ ਵਿਚ ਇਕ ਮਨੋਵਿਗਿਆਨਿਕ ਵਾਤਾਵਰਨ ਦੀ ਸਿਰਜਨਾ ਕਰਦਾ ਹੈ, ਜਿਸ ਨਾਲ ਵਿਦਿਆਰਥੀਆਂ ਵਿਚ ਕੰਮ ਕਰਨ ਲਈ ਤੱਤਪਰਤਾ ਦੀ ਭਾਵਨਾ ਉਤਪੰਨ ਹੁੰਦੀ ਹੈ। ਵਿਦਿਆਰਥੀਆਂ ਦੀ ਰੁਚੀ ਤੇ ਸਹਿਯੋਗ ਦੀ ਭਾਵਨਾ ਨੂੰ ਜਾਗਰਿਤ ਕਰਨ ਲਈ ਪ੍ਰਸਤਾਵਨਾ ਦਾ ਬਹੁਤ ਵੱਡਾ ਯੋਗਦਾਨ ਹੈ। ਵਿਆਪਕ ਪਾਠ ਯੋਜਨਾ (Macro Lesson Plan) ਵਿਚ ਪ੍ਰਸਤਾਵਨਾ ਨੂੰ, ਆਮ ਕਰਕੇ 'ਪੂਰਵ ਗਿਆਨ ਪਰੀਖਿਆ' ਦੇ ਸਿਰਲੇਖ ਹੇਠ ਲਿਖਿਆ ਜਾਂਦਾ ਹੈ।

**ਪ੍ਰਸਤਾਵਨਾ ਕੌਸ਼ਲ ਦੇ ਤੱਤ** (Elements of Skill of Introducing Lesson)

ਇਸ ਵਿਚ ਇੱਛਤ ਤੇ ਅਣਇੱਛਤ ਦੋਹਾਂ ਪ੍ਰਕਾਰਾਂ ਦੇ ਤੱਤ ਸ਼ਾਮਲ ਹਨ।

**(ੳ) ਇੱਛਤ ਵਿਵਹਾਰ**

1. **ਵਿਦਿਆਰਥੀਆਂ ਦਾ ਪੂਰਵ ਗਿਆਨ** : ਪ੍ਰਸਤਾਵਨਾ ਪੂਰਵ ਗਿਆਨ ਉਤੇ ਅਧਾਰਿਤ ਹੋਣੀ ਚਾਹੀਦੀ ਹੈ। ਪੁਰਾਣੇ ਗਿਆਨ ਨੂੰ ਨਵੀਨ ਗਿਆਨ ਨਾਲ, ਪ੍ਰਸਤਾਵਨਾ ਦੇ ਮਾਧਿਅਮ ਨਾਲ ਜੋੜਿਆ ਜਾਂਦਾ ਹੈ। ਪੂਰਵ ਗਿਆਨ ਤੋਂ ਭਾਵ ਅਜਿਹਾ ਗਿਆਨ ਹੈ ਜੋ ਵਿਦਿਆਰਥੀ ਵਿਚ, ਪਾਠ ਦੇ ਵਿਕਾਸ ਤੋਂ ਪਹਿਲਾਂ ਮੌਜੂਦ ਹੁੰਦਾ ਹੈ।

ਪਾਠ ਰਚਨਾ ਕਰਦੇ ਸਮੇਂ, ਇਸ ਗੱਲ ਵੱਲ ਧਿਆਨ ਦੇਣਾ ਜ਼ਰੂਰੀ ਹੁੰਦਾ ਹੈ ਕਿ ਪੜ੍ਹਾਈ ਜਾਣ ਵਾਲੀ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਪੂਰਵ ਗਿਆਨ ਕਿਸ ਪੱਧਰ ਦਾ ਹੈ? ਉਨ੍ਹਾਂ ਦਾ ਉਮਰ, ਪੱਧਰ ਤੇ ਮਾਨਸਿਕ ਪੱਧਰ ਕਿੰਨਾ ਹੈ।

2. **ਕੱਥਨਾਂ, ਵਿਸ਼ੇ-ਵਸਤੂ ਅਤੇ ਉਦੇਸ਼ਾਂ ਵਿਚ ਸੰਬੰਧ** : ਪਾਠ ਨੂੰ ਆਰੰਭ ਕਰਦੇ ਸਮੇਂ ਜਿਨ੍ਹਾਂ ਕੱਥਨਾਂ ਦਾ ਪ੍ਰਯੋਗ ਕੀਤਾ ਜਾਵੇ, ਉਨ੍ਹਾਂ ਦਾ ਸੰਬੰਧ ਨਵੇਂ ਪੜ੍ਹਾਏ ਜਾਣ ਵਾਲੇ ਵਿਸ਼ੇ ਨਾਲ ਹੋਣਾ ਚਾਹੀਦਾ ਹੈ ਅਤੇ ਉਸ ਵਿਸ਼ੇ-ਵਸਤੂ ਦਾ ਸੰਬੰਧ ਪੂਰਵ-ਨਿਰਧਾਰਿਤ ਉਦੇਸ਼ਾਂ ਨਾਲ ਹੋਣਾ ਚਾਹੀਦਾ ਹੈ। ਇਸ ਸਮੇਂ ਜੇਕਰ ਅਧਿਆਪਕ, ਵਿਦਿਆਰਥੀਆਂ ਦਾ ਧਿਆਨ ਵਿਸ਼ੇ-ਵਸਤੂ ਨਾਲ ਸੰਬੰਧਿਤ ਸੰਕਲਪ, ਵਿਚਾਰਾਂ ਤੇ ਉਦੇਸ਼ਾਂ ਵੱਲ ਆਕਰਸ਼ਿਤ ਕਰਨ ਵਿਚ ਸਫ਼ਲ ਹੋ ਜਾਂਦਾ ਹੈ ਤਾਂ ਇਹ ਉਸਦੀ ਸਫ਼ਲਤਾ ਦਾ ਸੰਕੇਤ ਹੋਵੇਗਾ।

3. **ਉਚਿੱਤ ਤਕਨੀਕਾਂ/ਜੁੱਗਤਾਂ ਦੀ ਯੋਗ ਵਰਤੋਂ** : ਅਧਿਆਪਕ ਨੂੰ, ਪਾਠ ਪ੍ਰਸਤਾਵਨਾ ਸਮੇਂ ਉਪਯੁੱਕਤ ਜੁੱਗਤਾਂ/ਤਕਨੀਕਾਂ ਦੇ ਪ੍ਰਯੋਗ ਦੀ ਜਾਂਚ ਤੇ ਢੰਗ ਆਉਣਾ ਚਾਹੀਦਾ ਹੈ। ਇਹ ਤਕਨੀਕਾਂ ਹਨ-ਪ੍ਰਸ਼ਨ ਪੁੱਛਣਾ, ਵਿਆਖਿਆ, ਵਰਨਣ ਕਰਨਾ, ਕਹਾਣੀ ਸੁਣਾਉਣਾ, ਪ੍ਰਦਰਸ਼ਨ ਜਾਂ ਚਿੱਤਰ ਪ੍ਰਸਤੁੱਤ ਕਰਨਾ, ਦੇਖਣ ਸੁਣਨ ਸਮੱਗਰੀ ਦਾ ਉਪਯੋਗ, ਗੱਲਬਾਤ ਜਾਂ ਉਦਾਹਰਨਾਂ ਦਾ ਉਪਯੋਗ ਆਦਿ। ਹਰੇਕ ਤਕਨੀਕ ਦਾ ਪ੍ਰਯੋਗ, ਵਿਦਿਆਰਥੀਆਂ ਦੇ ਪੱਧਰ, ਰੁਚੀ, ਪਰਿਪੱਕਤਾ, ਅਨੁਭਵ ਅਤੇ ਪੜ੍ਹਾਈ ਜਾਣ ਵਾਲੀ ਵਿਸ਼ਾ-ਸਮੱਗਰੀ ਉਤੇ ਨਿਰਭਰ ਹੋਣਾ ਚਾਹੀਦਾ ਹੈ।

4. **ਉਚਿੱਤ ਕ੍ਰਮਬੱਧਤਾ** : ਪਾਠ ਦੀ ਪ੍ਰਸਤਾਵਨਾ ਦੌਰਾਨ ਵਰਤੋਂ ਵਿਚ ਲਿਆਂਦੇ ਜਾਣ ਵਾਲੇ ਵਿਚਾਰਾਂ, ਕੱਥਨਾਂ ਅਤੇ ਪ੍ਰਸ਼ਨਾਂ ਆਦਿ ਵਿਚ ਇਕਸਾਰਤਾ (Co-ordination) ਹੋਣੀ ਚਾਹੀਦੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਇਨ੍ਹਾਂ ਵਿਚ ਉਚਿੱਤ ਕ੍ਰਮਬੱਧਤਾ ਹੋਵੇਗੀ। ਅਸੰਬੰਧਿਤ ਕਥਨ ਦੇ ਪ੍ਰਯੋਗ ਦੁਆਰਾ ਵਿਦਿਆਰਥੀਆਂ ਦੀ ਬੋਧ-ਪ੍ਰਕਿਰਿਆ (Process of Understanding) ਭੰਗ ਹੋ ਸਕਦੀ ਹੈ।

5. **ਉੱਤਰ ਕਢਵਾਉਣ ਲਈ ਅਧਿਆਪਕ ਦੀ ਭੂਮਿਕਾ** : ਪ੍ਰਸਤਾਵਨਾ ਪੇਸ਼ ਕਰਦੇ ਸਮੇਂ, ਅਧਿਆਪਕ ਕਿਰਿਆਸ਼ੀਲ ਤੇ ਚੁੱਸਤ ਹੋਣਾ ਚਾਹੀਦਾ ਹੈ। ਉਸਦੀ ਭੂਮਿਕਾ ਸਕਾਰਾਤਮਿਕ ਹੋਣੀ ਚਾਹੀਦੀ ਹੈ।

6. **ਵਿਦਿਆਰਥੀਆਂ ਦੀ ਮਾਨਸਿਕ ਕਿਰਿਆਸ਼ੀਲਤਾ** : ਪ੍ਰਸਤਾਵਨਾ ਵਿਦਿਆਰਥੀਆਂ ਨੂੰ ਮਾਨਸਿਕ ਰੂਪ ਵਿਚ ਤਿਆਰ ਕਰਨ ਦੇ ਕਾਬਲ ਹੋਣੀ ਚਾਹੀਦੀ ਹੈ। ਵਿਦਿਆਰਥੀ ਮਾਨਸਿਕ ਰੂਪ ਵਿਚ ਕਿਰਿਆਸ਼ੀਲ ਹੋਣਗੇ ਤਾਂ ਹੀ ਸਿੱਖਣ ਚੰਗਾ ਹੋਵੇਗਾ।

7. **ਵਿਦਿਆਰਥੀਆਂ ਵਿਚ ਰੁਚੀ, ਪ੍ਰੇਰਨਾ ਉਤਪੰਨ ਕਰਨ ਦੀ ਸਮਰੱਥਾ** : ਪ੍ਰਸਤਾਵਨਾ ਦੀ ਰੌਚਿਕਤਾ, ਵਿਦਿਆਰਥੀਆਂ ਦੇ ਸਿੱਖਣ ਨੂੰ ਉਤਸ਼ਾਹ ਦਿੰਦੀ ਹੈ। ਪ੍ਰਸਤਾਵਨਾ ਜਿੰਨੀ ਵਧੇਰੇ ਰੌਚਿਕ ਤੇ ਪ੍ਰੇਰਨਾਦਾਇਕ ਹੋਵੇਗੀ, ਵਿਦਿਆਰਥੀਆਂ ਉਤੇ ਉਨ੍ਹਾਂ ਹੀ ਚੰਗਾ ਪ੍ਰਭਾਵ ਪਵੇਗਾ। ਇਸ ਲਈ, ਅਧਿਆਪਕ ਵਿਚ ਇੰਨੀ ਸਮਰੱਥਾ ਹੋਣੀ ਚਾਹੀਦੀ ਹੈ ਕਿ ਉਹ ਵਿਦਿਆਰਥੀਆਂ ਵਿਚ ਰੁਚੀ ਤੇ ਪ੍ਰੇਰਨਾ ਉਤਪੰਨ ਕਰ ਸਕੇ।

8. **ਪ੍ਰਸਤਾਵਨਾ ਦੀ ਅੱਵਧੀ** : ਪ੍ਰਸਤਾਵਨਾ ਨਾ ਵਧੇਰੇ ਲੰਬੀ ਤੇ ਨਾ ਹੀ ਵਧੇਰੇ ਛੋਟੀ ਹੋਣੀ ਚਾਹੀਦੀ ਹੈ। ਇਸ ਦੀ ਅੱਵਧੀ ਇੰਨੀ ਜ਼ਰੂਰ ਹੋਣੀ ਚਾਹੀਦੀ ਹੈ ਕਿ ਉਸ ਨਾਲ ਵਿਦਿਆਰਥੀਆਂ ਦੇ ਮਨ ਵਿਚ ਰੁਚੀ ਤੇ ਪ੍ਰੇਰਨਾ ਉਤਪੰਨ ਹੋ ਸਕੇ ਅਤੇ ਉਹ ਪਾਠ ਨੂੰ ਪੜ੍ਹਨ ਲਈ ਤੱਤਪਰ ਹੋ ਜਾਣ।

**2.4.6.2 ਪ੍ਰਸ਼ਨ ਪੁਛਣਾ :**

ਪ੍ਰਸ਼ਨ ਚਿੰਤਨ ਨੂੰ ਉਤੇਜਿਤ ਕਰਦੇ ਹਨ। ਇਸ ਲਈ ਇਹ ਸ਼੍ਰੇਣੀ-ਅਧਿਆਪਨ ਵਿਚ ਮਹੱਤਵਪੂਰਲ ਭੂਮਿਕਾ ਨਿਭਾਉਂਦੇ ਹਨ। ਅਧਿਆਪਨ ਸਮੇਂ ਅਧਿਆਪਕ ਭਾਸ਼ਣ ਦਿੰਦਾ ਰਹਿੰਦਾ ਹੈ ਜਾਂ ਵਿਆਖਿਆ ਕਰਦਾ ਰਹਿੰਦਾ ਹੈ। ਇਹ ਸੱਭ ਕੁਝ ਇਕ ਪਾਸੜੀ ਪ੍ਰਕਿਰਿਆ (one way affair) ਹੈ। ਜਦੋਂ ਕਿ ਅਧਿਆਪਨ, ਦੋ ਪਾਸੜੀ ਪ੍ਰਕਿਰਿਆ ਹੈ। ਇਸ ਨੂੰ ਦੋ ਪਾਸੜੀ ਪ੍ਰਕਿਰਿਆ ਬਣਾਉਣ ਵਿਚ, ਪ੍ਰਸ਼ਨ ਪੁੱਛਣ ਦੇ ਕੌਸ਼ਲ ਦਾ ਮਹੱਤਵਪੂਰਨ ਹਿੱਸਾ ਹੈ। ਕੋਈ ਵੀ ਅਧਿਆਪਕ ਆਪਣੇ ਅਧਿਆਪਨ ਵਿਚ ਨਿਪੁੰਨਤਾ ਤੇ ਕੁਸ਼ਲਤਾ ਪ੍ਰਾਪਤ ਨਹੀਂ ਕਰ ਸਕਦਾ ਜਦ ਤੱਕ ਉਹ ਪ੍ਰਸ਼ਨ ਪੁੱਛਣ ਦੀ ਕਲਾ ਵਿਚ ਮਾਹਰ ਨਹੀਂ, ਰੇਮੌਂਟ (Raymont) ਅਨੁਸਾਰ, ਕਿਸੇ ਨਵੇਂ ਅਧਿਆਪਕ ਦਾ ਸੱਭ

ਤੋਂ ਵੱਡਾ ਗੁਣ ਇਹ ਹੋਣਾ ਚਾਹੀਦਾ ਹੈ ਕਿ ਉਹ ਪ੍ਰਸ਼ਨ ਪੁੱਛਣ ਦੀ ਚੰਗੀ ਸ਼ੈਲੀ ਦਾ ਵਿਕਾਸ ਕਰੇ।

ਪ੍ਰਸ਼ਨ ਪੁੱਛਣਾ ਇਕ ਕਲਾ ਹੈ। ਪ੍ਰਸ਼ਨ ਕਿਹੋ ਜਿਹੇ ਹੋਣੇ ਚਾਹੀਦੇ ਹਨ? ਪ੍ਰਸ਼ਨ ਪੁੱਛਦੇ ਸਮੇਂ ਕਿੰਨਾ-ਕਿੰਨਾ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ? ਇਹਨਾਂ ਸਾਰੀਆਂ ਗੱਲਾਂ ਦੀ ਜਾਣਕਾਰੀ ਅਧਿਆਪਕ ਲਈ ਜ਼ਰੂਰੀ ਹੈ। ਪ੍ਰਸ਼ਨ ਬੱਚਿਆਂ ਦੀ ਸੋਚ ਨੂੰ ਜਗਾਉਂਦੇ ਤੇ ਉਤਸਾਹਿਤ ਕਰਦੇ ਹਨ। ਇਹ ਵਿਦਿਆਰਥੀਆਂ ਦੀ ਰੁਚੀ ਪਾਠ ਵਿਚ ਜਾਗ੍ਰਿਤ ਕਰਦੇ ਹਨ। ਨਵੇਂ ਗਿਆਨ ਨੂੰ ਪ੍ਰਾਪਤ ਗਿਆਨ ਨਾਲ ਜੋੜਦੇ ਹਨ। ਉਨ੍ਹਾਂ ਦਾ ਧਿਆਨ ਖਿੱਚ ਸਕਦੇ ਹਨ। ਇਸ ਲਈ, ਪ੍ਰਸ਼ਨ ਪੁੱਛਣੇ ਸ਼੍ਰੇਣੀ ਵਿਚ ਅਤਿਅੰਤ ਜ਼ਰੂਰੀ ਹਨ।

**ਪ੍ਰਸ਼ਨ ਪੁੱਛਣ ਦੀ ਪ੍ਰਕਿਰਿਆ**

ਪ੍ਰਸ਼ਨ ਪੁੱਛਣ ਦਾ ਕੌਸ਼ਲ, ਪਾਠ ਦੇ ਕਿਸੇ ਵੀ ਪੱਧਰ 'ਤੇ ਵਰਤਿਆ ਜਾ ਸਕਦਾ ਹੈ। ਅਧਿਆਪਕ ਦੀ ਯੋਗਤਾ, ਪ੍ਰਸ਼ਨਾਂ ਦੇ ਰੂਪ ਉਤੇ ਨਿਰਭਰ ਕਰਦੀ ਹੈ ਕਿ ਪਾਠ ਨਾਲ ਸੰਬੰਧਿਤ ਪ੍ਰਸ਼ਨ ਕਿਸ ਤਰ੍ਹਾਂ ਤਿਆਰ ਕੀਤੇ ਗਏ ਹਨ। ਇਸ ਲਈ ਪ੍ਰਸ਼ਨ ਪੁੱਛਣਾ, ਇਕ ਚੰਗੇ ਪਾਠ ਲਈ ਬਹੁਤ ਜ਼ਰੂਰੀ ਹੈ। ਪ੍ਰਸ਼ਨ ਪੁੱਛਣ ਦੀ ਪ੍ਰਕਿਰਿਆ ਵਿਚ ਨਿਮਨਲਿਖਤ ਗੱਲਾਂ ਸ਼ਾਮਲ ਹਨ।

1. ਪ੍ਰਸ਼ਨ ਢੁੱਕਵਾਂ, ਅਰਥ-ਭਰਪੂਰ ਤੇ ਸੁੰਦਰ ਹੋਵੇ।
2. ਪ੍ਰਸ਼ਨ ਸਪੱਸ਼ਟ ਤੇ ਸਿੱਧਾ ਹੋਵੇ।
3. ਪ੍ਰਸ਼ਨ ਦਾ ਇਕੋ ਹੀ ਜੁਆਬ ਹੋਵੇ।
4. ਪ੍ਰਸ਼ਨ ਦੇ ਸ਼ਬਦ ਤੇ ਭਾਸ਼ਾ ਢੁੱਕਵੀਂ ਹੋਵੇ ਅਤੇ ਵਿਆਕਰਨਿਕ ਤੌਰ ਤੇ ਸ਼ੁੱਧ ਹੋਵੇ।
5. ਉਹ ਆਪਣੇ ਆਪ ਉੱਤਰ ਦਾ ਸੁਝਾਅ ਨਾ ਦੇਵੇ।
6. ਸਿਰਫ਼ 'ਹਾਂ' ਜਾਂ ਨਾਂਹ ਉੱਤਰਾਂ ਵਾਲੇ ਪ੍ਰਸ਼ਨਾਂ ਤੋਂ ਬੱਚਿਆ ਜਾਵੇ।
7. ਪ੍ਰਸ਼ਨ ਦੇ ਪੱਧਰ, ਆਮ ਤੌਰ ਤੇ ਤਿੰਨ ਮੰਨੇ ਗਏ ਹਨ।

(i) ਨੀਵੇਂ ਪੱਧਰ ਦੇ ਪ੍ਰਸ਼ਨ ਯਾਦਸ਼ਤ ਉਪਰ ਜ਼ੋਰ ਦਿੰਦੇ ਹਨ ਜੋ ਪੁਨਰ-ਸਮ੍ਰਿਤੀ (Recall) ਅਤੇ ਪਛਾਣ (Recognition) ਨੂੰ ਉਤੇਜਿਤ ਕਰਦੇ ਹਨ।

(ii) ਮੱਧ ਪੱਧਰ ਦੇ ਪ੍ਰਸ਼ਨ, ਬੱਚਿਆਂ ਵਿਚ ਤਿੰਨ ਮਾਨਸਿਕ ਪ੍ਰਕਿਰਿਆਵਾਂ ਨੂੰ ਉਤੇਜਿਤ ਕਰਦੇ ਹਨ

(iii) ਉੱਚ ਪੱਧਰ ਪ੍ਰਸ਼ਨ, ਉੱਚ ਪੱਧਰ ਦੀਆਂ ਮਾਨਸਿਕ ਪ੍ਰਕਿਰਿਆਵਾਂ ਨੂੰ ਉਤੇਜਿਤ ਕਰਦੇ ਹਨ

**ਪਾਰਕਰ** (Parkar) ਦਾ ਮੰਨਣਾ ਹੈ ਕਿ ਪ੍ਰਸ਼ਨ-ਪੁੱਛਣਾ, ਸਾਰੀ ਸਿੱਖਿਆ ਪ੍ਰਕਿਰਿਆ ਦੀ ਚਾਬੀ ਹੈ। ਇਹ ਗੱਲ ਹੈ ਵੀ ਬਿਲਕੁਲ ਠੀਕ। ਕਿਸੇ ਵੀ ਵਿਦਿਆਰਥੀ ਦੀ ਪ੍ਰਾਪਤੀ ਤੇ ਪਾਠ ਦੀ ਉਦੇਸ਼-ਪ੍ਰਾਪਤੀ ਬਾਰੇ ਜਾਣਨ ਦਾ ਸਰਵੋਤਮ ਢੰਗ ਪ੍ਰਸ਼ਨ ਕਰਨਾ ਹੀ ਹੈ। ਅਧਿਆਪਕ, ਪਾਠ ਦੀ ਭੂਮਿਕਾ ਤੋਂ ਲੈ ਕੇ, ਪਾਠ ਦੀ ਸਮਾਪਤੀ ਤੱਕ, ਸਾਰੇ ਪੱਧਰਾਂ ਉਤੇ ਪ੍ਰਸ਼ਨਾਂ ਦਾ ਸਹਾਰਾ ਲੈਂਦਾ ਹੈ। ਇਸ ਤਰ੍ਹਾਂ, ਪ੍ਰਸ਼ਨ ਕਲਾ ਅਧਿਆਪਨ ਦੀ ਸਫ਼ਲਤਾ ਦਾ ਆਧਾਰ ਮੰਨੀ ਜਾ ਸਕਦੀ ਹੈ।

**ਪ੍ਰਸ਼ਨ-ਪੁੱਛਣ ਕੌਸ਼ਲ ਦੇ ਅੰਸ਼**

ਪ੍ਰਸ਼ਨ ਪੁੱਛਣ ਕੌਸ਼ਲ ਵਿਚ ਹੇਠ ਲਿਖੇ ਅੰਸ਼ ਸ਼ਾਮਲ ਹਨ :

1. **ਪ੍ਰਸ਼ਨ ਦੀ ਸੰਰਚਨਾ**

(i) ਪ੍ਰਾਸੰਗਿਕ : ਪ੍ਰਸ਼ਨ ਪੜ੍ਹਾਏ ਜਾਣ ਵਾਲੇ ਵਿਸ਼ੇ ਨਾਲ ਸੰਬੰਧਿਤ ਹੋਣੇ ਚਾਹੀਦੇ ਹਨ।

(ii) ਸਪੱਸ਼ਟਤਾ : ਪ੍ਰਸ਼ਨ ਦੀ ਭਾਸ਼ਾ ਸਪਸ਼ਟ ਹੋਵੇ ਤਾਂ ਜੋ ਵਿਦਿਆਰਥੀ ਉਸਨੂੰ ਜਲਦੀ ਸਮਝ ਸਕਣ।

(iii) ਸੰਖੇਪਤਾ : ਪ੍ਰਸ਼ਨ ਸੰਖੇਪ ਤੇ ਬਿੰਦੂ-ਨਿਰਦੇਸ਼ਿਤ ਹੋਣੇ ਚਾਹੀਦੇ ਹਨ।

(iv) ਵਿਆਕਰਨਿਕ ਸ਼ੁੱਧਤਾ : ਪ੍ਰਸ਼ਨਾਂ ਦੀ ਰਚਨਾ ਵਿਆਕਰਨ ਦੀ ਦ੍ਰਿਸ਼ਟੀ ਤੋਂ ਸ਼ੁੱਧ ਹੋਣੀ ਚਾਹੀਦੀ ਹੈ।

(v) ਪ੍ਰਸ਼ਨਾਂ ਦਾ ਪੱਧਰ : ਪ੍ਰਸ਼ਨਾਂ ਦਾ ਪੱਧਰ ਉੱਚਾ ਹੋਣਾ ਚਾਹੀਦਾ ਹੈ। ਜਿਹੜੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਸਮੇਂ ਵਿਦਿਆਰਥੀ ਜਿੰਨੀ ਉੱਚ-ਮਾਨਸਿਕ ਕਿਰਿਆਵਾਂ ਦਾ ਉਪਯੋਗ ਕਰਦੇ ਹਨ, ਉਹ ਪ੍ਰਸ਼ਨ ਉੱਨੇ ਹੀ ਉੱਚ ਪੱਧਰ ਦੇ ਹੁੰਦੇ ਹਨ। ਪ੍ਰਸ਼ਨਾਂ ਦਾ ਪੱਧਰ ਤਿੰਨ ਤਰ੍ਹਾਂ ਦਾ ਹੁੰਦਾ ਹੈ।

(ੳ) **ਨਿਮਨ ਪੱਧਰ** : ਨਿਮਨ ਪੱਧਰ ਤੇ ਪ੍ਰਸ਼ਨ ਯਾਦਸ਼ਕਤੀ, ਪਛਾਣ ਤੇ ਪੁਨਰ-ਸਮਰਿਤੀ ਨਾਲ ਸੰਬੰਧਿਤ ਹੁੰਦੇ ਹਨ,

- 'ਪੰਜਾਬ' ਕਵਿਤਾ ਦਾ ਕਵੀ ਕੌਣ ਹੈ?
- ਤੁਸੀ ਛੁਟੀ ਲੈਣ ਲਈ ਕਿਸ ਨੂੰ ਸੰਬੋਧਨ ਕਰੋਗੇ?

(ਅ) **ਮੱਧ ਪੱਧਰ** : ਮੱਧ ਪੱਧਰ ਦੇ ਪ੍ਰਸ਼ਨ, ਨਾਲ ਸੰਬੰਧਿਤ ਹੁੰਦੇ ਹਨ, ਜਿਵੇਂ :

- ਨਾਂਵ ਦੀ ਪਰਿਭਾਸ਼ਾ ਦਿਉ।
- 'ਹੰਢਾਏ' ਸ਼ਬਦ ਦਾ ਸ਼ੁੱਧ ਉਚਾਰਨ ਕੀ ਹੈ।

(ੲ) **ਉੱਚ ਪੱਧਰ** : ਇਹ ਪ੍ਰਸ਼ਨ Creativity ਤੇ Reasoning Abilities ਦੇ ਵਿਕਾਸ ਨਾਲ ਸੰਬੰਧਿਤ ਹੁੰਦੇ ਹਨ। ਜਿਵੇਂ :

- ਤੁਹਾਡੇ ਵਿਚਾਰ ਅਨੁਸਾਰ, ਇਸ ਕਵਿਤਾ ਵਿਚ ਕਵੀ ਦਾ ਕੀ ਭਾਵ ਸੀ ?
- ਕਵੀ ਨੇ ਇਸ ਸ਼ਲੋਕ ਦੁਆਰਾ ਕੀ ਸੰਦੇਸ਼ ਦਿੱਤਾ ਹੈ?
- 'ਥੋੜਾ ਸੋਚੋ' ਵਾਕ ਵਿਚ ਕਿਰਿਆ ਵਿਸ਼ੇਸ਼ਣ ਕਿਹੜਾ ਹੈ?

2. **ਪ੍ਰਸ਼ਨ ਪੁੱਛਣ ਦੀ ਪ੍ਰਕਿਰਿਆ** : ਇਸ ਤੱਤ ਵਿਚ ਹੇਠ ਲਿਖੇ ਉੱਪ-ਅੰਸ਼ ਸ਼ਾਮਲ ਹਨ :

(i) ਅਵਾਜ਼ ਦੀ ਸਪੱਸ਼ਟਤਾ।

(ii) **ਪ੍ਰਸ਼ਨ-ਪੁੱਛਣ ਦੀ ਗਤੀ :** ਇਹ ਬਹੁਤ ਤੇਜ਼ ਜਾਂ ਮੱਧਮ ਨਹੀਂ ਹੋਣੀ ਚਾਹੀਦੀ।

(iii) **ਵਿਰਾਮ:** ਪ੍ਰਸ਼ਨ ਪੁੱਛਣ ਪਿਛੋਂ ਰੁਕਣਾ ਜਾਂ ਪ੍ਰਸ਼ਨ ਪੁੱਛਣ ਸਮੇਂ ਲੋੜ ਅਨੁਸਾਰ ਰੁਕਣਾ, ਵਿਰਾਮ ਕਹਿਲਾਉਂਦਾ ਹੈ।

3. **ਪ੍ਰਸ਼ਨਾਂ ਦੀ ਵੰਡ** : ਪ੍ਰਸ਼ਨ ਪੁੱਛਣ ਸਮੇਂ ਇਹ ਧਿਆਨ ਦੇਣ ਯੋਗ ਗੱਲ ਹੈ ਕਿ ਪ੍ਰਸ਼ਨਾਂ ਦਾ ਵਿਤਰਨ ਉਚਿੱਤ ਪ੍ਰਕਾਰ ਨਾਲ ਸ਼੍ਰੇਣੀ ਦੇ ਭਿੰਨ-ਭਿੰਨ ਭਾਗਾਂ ਵਿਚ ਹੋਣਾ ਚਾਹੀਦਾ ਹੈ। ਅੱਗੇ ਬੈਠੇ ਤੇ ਪਿੱਛੇ ਬੈਠੇ, ਸਾਰੇ ਵਿਦਿਆਰਥੀਆਂ ਤੋਂ ਪ੍ਰਸ਼ਨ ਪੁੱਛਣੇ ਚਾਹੀਦੇ ਹਨ। ਇਸ ਅੰਸ਼ ਵਿਚ ਹੇਠ ਲਿਖੇ ਉਪ-ਅੰਸ਼ ਆਉਂਦੇ ਹਨ:

(i) ਉੱਤਸੁਕ ਵਿਦਿਆਰਥੀਆਂ ਤੋਂ ਪੁੱਛੇ ਗਏ ਪ੍ਰਸ਼ਨ।

(ii) ਅਣ-ਉੱਤਸੁਕ ਵਿਦਿਆਰਥੀਆਂ ਤੋਂ ਪੁੱਛੇ ਗਏ ਪ੍ਰਸ਼ਨ।

4. **ਪ੍ਰਵਾਹ** : ਇਸ ਵਿਚ ਹੇਠ ਲਿਖੇ ਤੱਤ ਸ਼ਾਮਲ ਹਨ:

(i) ਪੁੱਛੇ ਗਏ ਪ੍ਰਸ਼ਨਾਂ ਵਿਚ ਪ੍ਰਵਾਹ-ਅਧਿਆਪਕ ਦੇ ਲਹਿਜੇ ਵਿਚ ਪ੍ਰਵਾਹ ਹੋਣਾ ਚਾਹੀਦਾ ਹੈ ਤੇ ਪ੍ਰਸ਼ਨ ਸੁਭਾਵਿਕ ਲਗਣੇ ਚਾਹੀਦੇ ਹਨ।

(ii) ਅਧਿਆਪਕ ਲੋੜੀਂਦੀ ਗਿਣਤੀ ਅਨੁਸਾਰ ਪ੍ਰਸ਼ਨ ਪੁੱਛ ਸਕਿਆ, ਪੁੱਛੇ ਗਏ ਪ੍ਰਸ਼ਨਾਂ ਦੀ ਗਿਣਤੀ, ਲੋੜ ਮੁਤਾਬਿਕ ਹੋਣੀ ਚਾਹੀਦੀ ਹੈ।

5. **ਫੁਟਕਲ** (Miscellaneous): ਇਸ ਵਿਚ ਇਹ ਤੱਤ ਸ਼ਾਮਲ ਹਨ:

(i) ਪ੍ਰਸ਼ਨਾਂ ਦੀ ਬੇਲੋੜੀ ਦੁਹਰਾਈ-ਪ੍ਰਸ਼ਨਾਂ ਦੀ ਅਣਇੱਛਤ ਤੇ ਬੇਲੋੜੀ ਦੁਹਰਾਈ ਨਹੀਂ ਹੋਣੀ ਚਾਹੀਦੀ।

(ii) ਪ੍ਰਸ਼ਨਾਂ ਪ੍ਰਤੀ ਪ੍ਰਤਿਕਿਆਿਵਾਂ ਦੀ ਦੁਹਰਾਈ-ਵਿਦਿਆਰਥੀਆਂ ਦੇ ਉੱਤਰਾਂ ਨੂੰ ਦੁਹਰਾਉਣਾ ਨਹੀਂ ਚਾਹੀਦਾ।

(iii) ਬਹੁਤੇ ਪ੍ਰਸ਼ਨ 'ਹਾਂ' ਜਾਂ 'ਨਾ' ਦੇ ਜੁਆਬ ਵਾਲੇ ਨਹੀਂ ਹੋਣੇ ਚਾਹੀਦੇ।

ਅਧਿਆਪਕ ਦਾ ਵਿਵਹਾਰ ਉਤਸ਼ਾਹਜਨਕ ਹੋਣਾ ਚਾਹੀਦਾ ਹੈ। ਜੇਕਰ ਬੱਚਾ ਠੀਕ ਉੱਤਰ ਨਾ ਦੇ ਸਕੇ ਤਾਂ ਉਸਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਉਸਨੂੰ ਫਿਰ ਪੂਰਾ ਮੌਕਾ ਦੇਣਾ ਚਾਹੀਦਾ ਹੈ।

### 2.4.6.3 ਉਦਾਹਰਣਾ ਸਹਿਤ ਵਿਆਖਿਆ :

ਕਿਸੇ ਅਮੂਰਤ ਵਿਚਾਰ ਜਾਂ ਨਿਯਮ ਨੂੰ ਸਮਝਾਉਣ ਅਤੇ ਉਸ ਦੀ ਵਰਤੋਂ ਕਰਨ ਲਈ, ਅਧਿਆਪਕ ਜਿਸ ਤਕਨੀਕ ਦੀ ਵਰਤੋਂ

ਕਰਦਾ ਹੈ, ਉਸਨੂੰ ਦ੍ਰਿਸ਼ਟਾਂਤ ਕੌਸ਼ਲ ਕਹਿੰਦੇ ਹਨ। ਇਸ ਕੌਸ਼ਲ ਦੀ ਵਰਤੋਂ ਵਰਨਣ ਤੇ ਵਿਆਖਿਆ ਕੌਸ਼ਲਾਂ ਦੇ ਨਾਕਾਮ ਹੋ ਜਾਣ ਪਿਛੋਂ ਹੁੰਦੀ ਹੈ। ਇਸ ਦੁਆਰਾ, ਅਧਿਆਪਕ ਨੂੰ ਉਚਿੱਤ ਉਦਾਹਰਨਾਂ ਦੀ ਚੋਣ ਕਰਕੇ, ਉਨ੍ਹਾਂ ਨੂੰ ਦ੍ਰਿਸ਼ਟਾਂਤ ਰੂਪ ਵਿਚ ਪ੍ਰਯੋਗ ਕਰਨ ਦਾ ਢੰਗ ਆਉਂਦਾ ਹੈ।

ਇਸ ਪ੍ਰਕਾਰ ਅਧਿਆਪਕ ਜਦੋਂ ਵੀ ਕਿਸੇ ਵਿਸ਼ੇ-ਵਸਤੂ ਨੂੰ ਸਰਲ ਤੇ ਸਪਸ਼ਟ ਬਣਾਉਣ ਲਈ ਚਿੱਤਰਾਂ, ਸਪਸ਼ਟੀਕਰਨ, ਉਦਾਹਰਨਾਂ ਆਦਿ ਦਾ ਸਹਾਰਾ ਲੈਂਦਾ ਹੈ ਤਾਂ ਉਸਨੂੰ ਦ੍ਰਿਸ਼ਟਾਂਤ ਕੌਸ਼ਲ ਜਾਂ ਦ੍ਰਿਸ਼ਟਾਂਤ ਵਿਆਖਿਆ ਕਹਿੰਦੇ ਹਨ।

**ਮਹੱਤਵ** (Importance) : ਅਧਿਆਪਨ ਨੂੰ ਸਫ਼ਲ ਬਣਾਉਣ ਲਈ ਉਦਾਹਰਨਾਂ ਦਾ ਬਹੁਤ ਮਹੱਤਵ ਹੈ। ਕੁਝ ਵਿਅਕਤੀ ਉਦਾਹਰਨ/ਦ੍ਰਿਸ਼ਟਾਂਤ ਨੂੰ ਅਧਿਆਪਨ ਦੀ ਆਤਮਾ ਮੰਨਦੇ ਹਨ। **ਪਿੰਸਟ** (Pinset) ਅਨੁਸਾਰ, ਚੰਗੀਆਂ ਉਦਾਹਰਨਾਂ, ਕੱਥਨ ਨੂੰ ਸਜੀਵ ਤੇ ਸਰਲ ਬਣਾ ਦਿੰਦੀਆਂ ਹਨ। ਚੰਗੀਆਂ ਉਦਾਹਰਨਾਂ ਦੇ ਦ੍ਰਿਸ਼ਟਾਂਤ ਨਾਲ ਪਾਠ ਵਸਤੂ ਨੂੰ ਸਰਲ, ਰੌਚਿਕ ਤੇ ਸਮਝਣ ਯੋਗ ਬਣਾਇਆ ਜਾ ਸਕਦਾ ਹੈ। ਇਸ ਨਾਲ ਪਾਠ ਦੀ ਹਰੇਕ ਗੱਲ ਵਧੇਰੇ ਸਪੱਸ਼ਟ ਹੋ ਜਾਂਦੀ ਹੈ ਅਤੇ ਬੱਚੇ ਉਸਨੂੰ ਸੌਖੀ ਤਰ੍ਹਾਂ ਗ੍ਰਹਿਣ ਕਰ ਲੈਂਦੇ ਹਨ। ਇਸ ਕੌਸ਼ਲ ਦੀ ਸਹਾਇਤਾ ਨਾਲ ਅਗਿਆਤ ਗਿਆਨ ਨੂੰ ਗਿਆਤ ਗਿਆਨ ਨਾਲ ਸੰਬੰਧਿਤ ਕੀਤਾ ਜਾਂਦਾ ਹੈ। ਜਿਹਨਾਂ ਵਿਦਿਆਰਥੀਆਂ ਨੂੰ ਮਾਨਸਿਕ ਕਮਜ਼ੋਰੀ ਕਾਰਨ, ਸੂਖਮ ਗੱਲਾਂ ਸਮਝ ਵਿਚ ਨਹੀਂ ਆਉਂਦੀਆਂ ਉਨ੍ਹਾਂ ਨੂੰ ਸੂਖਮ ਗੱਲਾਂ ਦਾ ਗਿਆਨ ਕਰਾਉਣ ਲਈ, ਉਦਾਹਰਨ ਤੇ ਸਥੂਲ ਪਦਾਰਥਾਂ ਦਾ ਪ੍ਰਯੋਗ ਲਾਭਦਾਇਕ ਸਿੱਧ ਹੁੰਦਾ ਹੈ।

ਉਦਾਹਰਨਾਂ ਤੇ ਦ੍ਰਿਸ਼ਟਾਂਤ, ਬੱਚੇ ਦੀ ਕਲਪਨਾ ਤੇ ਵਿਚਾਰ ਸ਼ਕਤੀ ਦੇ ਵਿਕਾਸ ਵਿਚ ਸਹਾਇਕ ਹੁੰਦੇ ਹਨ। ਵਿਸ਼ੇਸ਼ ਕਰਕੇ ਛੋਟੀਆਂ ਸ਼੍ਰੇਣੀਆਂ ਦੇ ਬੱਚਿਆਂ ਲਈ, ਉਦਾਹਰਨਾਂ ਦਾ ਪ੍ਰਯੋਗ ਬਹੁਤ ਲਾਭਦਾਇਕ ਹੈ। ਇਸ ਨਾਲ ਪਾਠ ਵਿਚ ਰੌਚਿਕਤਾ ਉਤਪੰਨ ਹੁੰਦੀ ਹੈ ਅਤੇ ਬੱਚਿਆਂ ਦਾ ਧਿਆਨ ਪਾਠ ਵੱਲ ਖਿਚਿਆ ਜਾਂਦਾ ਹੈ। ਉਦਾਹਰਨਾਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ :

1. ਮੌਖਿਕ ਜਾਂ ਸ਼ਾਬਦਿਕ ਉਦਾਹਰਨਾਂ।
2. ਦ੍ਰਿਸ਼-ਸਰਵਣ ਉਦਾਹਰਨਾਂ।

ਮੌਖਿਕ ਉਦਾਹਰਨਾਂ ਦਾ ਸੰਬੰਧ, ਮੂੰਹ ਤੋਂ ਪ੍ਰਸਤੁੱਤ ਕੀਤੀਆਂ ਗਈਆਂ ਉਦਾਹਰਨਾਂ ਜਾਂ ਸ਼ਾਬਦਿਕ ਚਿੱਤਰਾਂ ਤੋਂ ਹੈ। ਦ੍ਰਿਸ਼-ਸਰਵਣ ਉਦਾਹਰਨਾਂ ਦੇਖਣ-ਸੁਣਨ ਦੇ ਸਾਧਨਾਂ ਨਾਲ ਸੰਬੰਧਿਤ ਹੁੰਦੀਆਂ ਹਨ, ਉਦਾਹਰਨਾਂ ਲਈ, ਅਧਿਆਪਕ ਦੋ ਪ੍ਰਕਾਰ ਦੇ ਸਾਧਨ ਪ੍ਰਯੋਗ ਵਿਚ ਲਿਆਉਂਦਾ ਹੈ।

(ੳ) **ਸ਼ਾਬਦਿਕ ਸਾਧਨ :** ਇਨ੍ਹਾਂ ਵਿਚ ਉਪਮਾਵਾਂ, ਸ਼ਬਦ-ਚਿੱਤਰ, ਤੁਲਨਾਵਾਂ, ਰੂਪਕਾਂ ਅਤੇ ਕਹਾਣੀਆਂ ਦਾ ਪ੍ਰਯੋਗ ਹੁੰਦਾ ਹੈ।

(ਅ) **ਅਸ਼ਾਬਦਿਕ ਸਾਧਨ :** ਇਨ੍ਹਾਂ ਵਿਚ ਚਾਰਟ, ਗਰਾਫ਼, ਚਿੱਤਰ, ਰੇਖਾ ਚਿੱਤਰ, ਮਾਡਲ ਅਤੇ ਨਮੂਨਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਇਸ ਕੌਸ਼ਲ ਦੀ ਸਫ਼ਲਤਾ ਲਈ, ਕੁਝ ਸਾਵਧਾਨੀਆਂ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ। ਦ੍ਰਿਸ਼ਟਾਂਤ ਤੇ ਉਦਾਹਰਨਾਂ, ਪਾਠ ਦੇ ਵਿਸ਼ੇਸ਼ ਉਦੇਸ਼ਾਂ ਨਾਲ ਸੰਬੰਧਿਤ ਹੋਣੇ ਚਾਹੀਦੇ ਹਨ। ਇਹ ਵਿਦਿਆਰਥੀਆਂ ਦੀ ਮਾਨਸਿਕ ਪੱਧਰ ਅਨੁਸਾਰ ਹੋਣੇ ਚਾਹੀਦੇ ਹਨ।

**ਦ੍ਰਿਸ਼ਟਾਂਤ/ਉਦਾਹਰਨਾਂ ਦੇ ਕੌਸ਼ਲ ਦੇ ਅੰਸ਼**

**(Components of Skill of Illustration with Example)**

ਦ੍ਰਿਸ਼ਟਾਂਤੀ ਉਦਾਹਰਨਾਂ, ਜੋ ਇਸ ਕੌਸ਼ਲ ਦਾ ਕੇਂਦਰੀ ਵਿਸ਼ਾ ਹੈ, ਵਿਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ ਤਾਂ ਕਿ ਇਹ ਵਿਦਿਆਰਥੀਆਂ ਦੀ ਸਮਝ ਨੂੰ ਮਹੱਤਵਪੂਰਨ ਢੰਗ ਨਾਲ ਪ੍ਰਭਾਵਿਤ ਕਰ ਸਕਣ :

1. **ਉਦਾਹਰਨਾ ਸਰਲ ਹੋਣੀਆਂ ਚਾਹੀਦੀਆਂ ਹਨ** (Examples should be simple) : ਸਰਲ ਜਾਂ ਸਧਾਰਨ ਸਾਖੇਪੀ (Relative) ਸ਼ਬਦ ਹਨ। ਜਿਹੜੀ ਉਦਾਹਰਨ ਦੱਸਵੀ ਸ਼੍ਰੇਣੀ ਲਈ ਸਰਲ ਹੈ, ਛੇਵੀਂ ਸ਼੍ਰੇਣੀ ਲਈ ਉਹ ਮੁਸ਼ਕਿਲ ਹੋ ਸਕਦੀ ਹੈ। ਸ਼ਹਿਰ ਦੇ ਸਕੂਲ ਦੇ ਵਿਦਿਆਰਥੀਆਂ ਲਈ ਜੋ ਉਦਾਹਰਨ ਸਰਲ ਹੈ, ਪੇਂਡੂ ਸਕੂਲ ਦੇ ਉਸੇ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਮੁਸ਼ਕਿਲ ਹੋ ਸਕਦੀ ਹੈ। ਇਕ ਦੇਸ਼ ਦੇ ਬੱਚਿਆਂ ਲਈ ਜੋ ਉਦਾਹਰਨ ਸਰਲ ਹੈ, ਕਿਸੇ ਹੋਰ ਦੇਸ਼ ਦੇ ਬੱਚਿਆਂ ਲਈ ਮੁਸ਼ਕਿਲ ਹੋ ਸਕਦੀ ਹੈ। ਇਸ ਲਈ, ਵਿਦਿਆਰਥੀਆਂ ਲਈ ਸਰਲ ਉਦਾਹਰਨ ਦੀ ਚੋਣ ਕਰਨ ਲੱਗਿਆ, ਸਾਨੂੰ ਉਨ੍ਹਾਂ ਦਾ ਉਮਰ-ਪੱਧਰ, ਸ਼੍ਰੇਣੀ-ਪੱਧਰ, ਪੂਰਵ ਅਨੁਭਵ, ਉਨ੍ਹਾਂ ਦੇ ਪਿਛੋਕੜ ਆਦਿ ਦਾ ਧਿਆਨ ਰੱਖਣਾ ਚਾਹੀਦਾ ਹੈ। ਉਂਜ ਬੱਚੇ ਜਦੋਂ ਸ਼੍ਰੇਣੀ ਵਿਚ ਕਿਰਿਆਸ਼ੀਲ ਹੋ ਕੇ, ਪ੍ਰਸ਼ਨ-

ਉੱਤਰ ਪ੍ਰਕਿਰਿਆ ਵਿਚ ਭਾਗ ਲੈਂਦੇ ਹਨ ਤਾਂ ਪਤਾ ਲਗ ਜਾਂਦਾ ਹੈ ਕਿ ਉਦਾਹਰਨਾਂ ਸਰਲ ਤੇ ਸਧਾਰਨ ਵਰਤੀਆਂ ਗਈਆਂ ਹਨ।

2. **ਉਦਾਹਰਨਾਂ ਪ੍ਰਕਰਣ ਨਾਲ ਸੰਬੰਧਿਤ ਹੋਣੀਆਂ ਚਾਹੀਦੀਆਂ ਹਨ** (Examples should be relevant to the topic) : ਕਦੇ-ਕਦੇ ਅਧਿਆਪਕ ਅਜਿਹੀਆਂ ਉਦਾਹਰਨਾਂ ਵਰਤਦਾ ਹੈ ਜੋ ਵਿਸ਼ੇ ਨਾਲ ਸਿੱਧੇ ਰੂਪ ਵਿਚ ਸੰਬੰਧਿਤ ਨਹੀਂ ਹੁਦੀਆਂ ਜਾਂ ਉਨ੍ਹਾਂ ਨੂੰ ਵਿਆਖਿਆ ਦੀ ਲੋੜ ਹੁੰਦੀ ਹੈ। ਅਜਿਹੀਆਂ ਉਦਾਹਰਨਾਂ ਵਿਦਿਆਰਥੀਆਂ ਦੀ ਸਿੱਖਿਆ ਵਿਚ ਕੋਈ ਸਹਾਇਤਾ ਨਹੀਂ ਕਰ ਸਕਦੀਆਂ।

3. **ਉਦਾਹਰਨਾਂ ਰੌਚਿਕ ਹੋਣੀਆਂ ਚਾਹੀਦੀਆਂ ਹਨ** (Examples should be interesting) : ਰੌਚਿਕ ਉਦਾਹਰਨ ਉਹ ਹੁੰਦੀ ਹੈ ਜੋ ਵਿਦਿਆਰਥੀਆਂ ਦਾ ਧਿਆਨ ਸਥਿਰ ਰੱਖ ਸਕਦੀ ਹੈ ਅਤੇ ਉਨ੍ਹਾਂ ਦੀ ਉਤਸੁੱਕਤਾ ਨੂੰ ਵਧਾ ਸਕਦੀ ਹੈ। ਰੌਚਿਕਤਾ ਇਕ ਸਾਖੇਪੀ ਟਰਮ ਹੈ। ਜਿਹੜੀ ਉਦਾਹਰਨ ਛੋਟੇ ਬੱਚਿਆਂ ਲਈ ਰੌਚਿਕ ਹੈ, ਵੱਡਿਆ ਲਈ ਅਰਥਹੀਣ ਹੋ ਸਕਦੀ ਹੈ। ਇਸ ਲਈ, ਉਦਾਹਰਨ ਚੁਣਨ ਲੱਗਿਆਂ, ਅਧਿਆਪਕ ਨੂੰ ਬੱਚਿਆਂ ਦਾ ਉਮਰ-ਪੱਧਰ, ਸ਼੍ਰੇਣੀ-ਪੱਧਰ, ਪਰਿਪੱਕਤਾ ਪੱਧਰ ਆਦਿ ਜ਼ਰੂਰ ਦੇਖ ਲੈਣਾ ਚਾਹੀਦਾ ਹੈ। ਵਿਦਿਆਰਥੀਆਂ ਦਾ ਧਿਆਨ-ਕੇਂਦਰਿਤ ਵਿਵਹਾਰ, ਉਤਸ਼ਾਹ, ਹੋਰ ਜਾਣਨ ਦੀ ਇੱਛਾ ਆਦਿ ਅਜਿਹੇ ਲੱਛਣ ਹਨ, ਜਿਨ੍ਹਾਂ ਤੋਂ ਪਤਾ ਲਗ ਸਕਦਾ ਹੈ ਕਿ ਉਦਾਹਰਨ ਉਹਨਾਂ ਲਈ ਰੌਚਿਕ ਹੈ ਕਿ ਨਹੀਂ।

4. **ਵੱਖ-ਵੱਖ ਵਿਧੀਆਂ ਦੀ ਵਰਤੋਂ** (Use of Different Approaches) : ਇਸ ਕੌਸ਼ਲ ਦੁਆਰਾ, ਅਧਿਆਪਕ ਵਿਚਾਰਾਂ, ਤੱਥਾਂ ਤੇ ਸਿਧਾਂਤਾਂ ਦੀ ਕ੍ਰਮਬੱਧ ਢੰਗ ਨਾਲ ਸਪੱਸ਼ਟਤਾ ਕਰਨ ਲਈ, ਆਗਮਨ ਤੇ ਨਿਗਮਨ ਵਿਧੀਆਂ ਦੀ ਵਰਤੋਂ ਕਰਦਾ ਹੈ।

**(ੳ) ਆਗਮਨ ਵਿਧੀ** (Inductive Approach) : ਇਸ ਵਿਧੀ ਵਿਚ ਕਿਸੇ ਸੰਕਲਪ, ਵਿਚਾਰ ਜਾਂ ਨਿਯਮ ਉਪਰ ਅਧਾਰਿਤ ਉਦਾਹਰਨਾਂ ਨਾਲ ਕੰਮ ਸ਼ੁਰੂ ਕੀਤਾ ਜਾਂਦਾ ਹੈ ਅਤੇ ਫਿਰ ਉਨ੍ਹਾਂ ਤੋਂ ਸਿੱਟੇ ਕੱਢੇ ਜਾਂਦੇ ਹਨ। ਇਸ ਵਿਧੀ ਵਿਚ, ਅਧਿਆਪਕ ਦਾ ਕੰਮ, ਪ੍ਰਾਸੰਗਿਕ ਉਦਾਹਰਨਾਂ ਨਾਲ ਆਰੰਭ ਹੁੰਦਾ ਹੈ ਤੇ ਇਨ੍ਹਾਂ ਉਦਾਹਰਨਾਂ ਦੇ ਆਧਾਰ ’ਤੇ ਨਤੀਜੇ ਜਾਂ ਨਿਯਮ ਬਣਾਏ ਜਾਂਦੇ ਹਨ। ਇਸ ਵਿਧੀ ਦੀ ਵਰਤੋਂ ਸਮੇਂ, ਅਧਿਆਪਕ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਉਦਾਹਰਨਾਂ ਸੌਖੀਆਂ, ਪ੍ਰਾਸੰਗਿਕ ਤੇ ਰੌਚਿਕ ਹੋਣ ਤਾਂ ਹੀ ਉਦਾਹਰਨਾਂ ਪ੍ਰਭਾਵਸ਼ਾਲੀ ਸਿੱਧ ਹੋਣਗੀਆਂ।

**(ਅ) ਨਿਗਮਨ ਵਿਧੀ** (Deductive Approach) : ਇਸ ਵਿਧੀ ਵਿਚ, ਅਧਿਆਪਕ, ਕਿਸੇ ਸੰਕਲਪ, ਵਿਚਾਰ ਤੱਥ ਜਾਂ ਨਿਯਮ ਨਾਲ ਆਰੰਭ ਕਰਦਾ ਹੈ ਅਤੇ ਫਿਰ ਉਸਨੂੰ ਸਿੱਧ ਕਰਨ ਲਈ, ਪ੍ਰਾਸੰਗਿਕ ਉਦਾਹਰਨਾਂ ਦਿੰਦਾ ਹੈ। ਇਸ ਤਰ੍ਹਾਂ, ਇਹ ਵਿਧੀ, ਆਗਮਨ ਵਿਧੀ ਦੇ ਉਲਟ ਚੱਲਦੀ ਹੈ।

5. **ਉਦਾਹਰਨਾਂ ਲਈ ਉਚਿੱਤ ਮਾਧਿਅਮਾਂ ਦਾ ਪ੍ਰਯੋਗ** (Use of Appropriate Media for Examples) : ਉਦਾਹਰਨਾਂ, ਕੁਝ ਵਿਸ਼ੇਸ਼ ਮਾਧਿਅਮਾਂ ਦੁਆਰਾ ਬੱਚਿਆਂ ਤੱਕ ਪਹੁੰਚਣੀਆਂ ਚਾਹੀਦੀਆਂ ਹਨ। ਦ੍ਰਿਸ਼ਟਾਂਤੀ ਉਦਾਹਰਨਾਂ ਨੂੰ ਉਨ੍ਹਾਂ ਦੀ ਪੇਸ਼ਕਾਰੀ ਦੇ ਢੰਗ ਅਨੁਸਾਰ ਵੰਡਿਆ ਜਾ ਸਕਦਾ ਹੈ। ਸ੍ਰਵਣ (ਸੁਣਨ) ਉਦਾਹਰਨਾਂ ਹਨ- ਕਹਾਣੀ ਸੁਣਾਉਣਾ, ਘਟਨਾਵਾਂ ਦੀ ਵਿਆਖਿਆ ਆਦਿ। ਦ੍ਰਿਸ਼ ਉਦਾਹਰਨਾਂ ਮਾਡਲਾਂ, ਚਾਰਟਾਂ, ਆਕ੍ਰਿਤੀਆਂ ਆਦਿ ਦੇ ਰੂਪ ਵਿਚ ਪੇਸ਼ ਕੀਤੀਆਂ ਜਾ ਸਕਦੀਆਂ ਹਨ।

**2.4.6.4 ਉਤੇਜਿਕ ਪਰਿਵਰਤਨ :**

ਅਧਿਆਪਨ ਦੇ ਉਤੇਜਿਕ ਪਰਿਵਰਤਨ ਕੌਸ਼ਲ ਵਿਚ ਉਹ ਤਕਨੀਕਾਂ ਤੇ ਸਾਧਨ ਸ਼ਾਮਲ ਹਨ, ਜੋ ਵਿਦਿਆਰਥੀਆਂ ਦਾ ਧਿਆਨ ਸ਼੍ਰੇਣੀ ਵਿਚਲੀਆਂ ਗਤੀਵਿਧੀਆਂ ਵੱਲ ਖਿੱਚਣ ਅਤੇ ਕੇਂਦਰਿਤ ਕਰਨ ਲਈ, ਪੜ੍ਹਾਉਂਦੇ ਸਮੇਂ ਇਕ ਅਧਿਆਪਕ ਵਰਤੋਂ ਵਿਚ ਲਿਆਉਂਦਾ ਹੈ। ਅਧਿਆਪਕ ਇਸ ਕੌਸ਼ਲ ਦੁਆਰਾ ਵੱਖ-ਵੱਖ ਉਤੇਜਿਕ ਦੀ ਵਰਤੋਂ ਕਰਕੇ, ਬੱਚਿਆਂ ਵਿਚ ਲੋੜੀਂਦੇ ਵਿਵਹਾਰ ਪਰਿਵਰਤਨ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਇਨ੍ਹਾਂ ਉਤੇਜਿਕਾਂ ਵਿਚ, ਅਧਿਆਪਕ ਆਪ ਵੀ ਉਤੇਜਿਕ ਦੇ ਰੂਪ ਵਿਚ ਕਾਰਜ ਕਰਦਾ ਹੈ, ਜਿਵੇਂ-ਅਧਿਆਪਕ ਦਾ ਸਰੀਰ ਸੰਚਾਲਨ (Movement), ਹਾਵ ਭਾਵ ਜਾਂ ਮੁੱਦਰਾ (Gesture), ਅਵਾਜ਼ ਦਾ ਉਤਾਰ-ਚੜ੍ਹਾਅ, ਭਾਵ-ਕੇਂਦਰੀਕਰਨ, ਅਧਿਆਪਕ-ਵਿਦਿਆਰਥੀ ਵਿਚ ਅੰਤਰਕਿਰਿਆ ਦੇ ਰੂਪ ਵਿਚ ਪਰਿਵਰਤਨ, ਵਿਰਾਮ ਆਦਿਕ। ਇਹ ਸਾਰੇ ਪੱਖ, ਸ਼੍ਰੇਣੀ ਵਿਚ ਉਦੀਪਨਾਂ ਦੇ ਕੰਮ ਕਰਦੇ ਹਨ। ਇਨ੍ਹਾਂ ਉਤੇਜਕਾਂ ਨੂੰ ਕੁਸ਼ਲਤਾ ਪੂਰਵਕ ਪਰਿਵਰਤਿਤ ਕਰਨ ਦੇ ਕੌਸ਼ਲ ਨੂੰ ‘ਉਤੇਜਿਤ-ਪਰਿਵਰਤਨ ਕੌਸ਼ਲ’ ਕਹਿੰਦੇ ਹਨ। ਇਸ ਪ੍ਰਕਾਰ, ਵਿਦਿਆਰਥੀਆਂ ਦਾ ਧਿਆਨ ਖਿੱਚਣ ਲਈ ਅਤੇ ਪਾਠ ਉਤੇ ਧਿਆਨ ਕੇਂਦਰਿਤ ਕਰਨ ਲਈ, ਅਧਿਆਪਕ ਆਪਣੇ ਵਿਵਹਾਰ ਵਿਚ ਜੋ ਜਾਣ-ਬੁਝ ਕੇ ਪਰਿਵਰਤਨ ਲਿਆਉਂਦਾ ਹੈ, ਉਸਨੂੰ ਉਤੇਜਿਕ ਪਰਿਵਰਤਨ ਕੌਸ਼ਲ ਦਾ ਨਾਮ ਦਿੱਤਾ ਜਾਂਦਾ ਹੈ।

**ਉਤੇਜਿਕ ਪਰਿਵਰਤਨ ਕੌਸ਼ਲ ਦੇ ਅੰਸ਼** (Components/Elements of the Skill of Stimulus Variation)

ਉਤੇਜਿਕ ਪਰਿਵਰਤਨ ਕੌਸ਼ਲ ਇਕ ਮਹੱਤਵਪੂਰਨ ਅਧਿਆਪਨ ਕੌਸ਼ਲ ਹੈ। ਅਧਿਆਪਕ ਨੂੰ ਇਸਦੇ ਤੱਤਾਂ ਬਾਰੇ ਪੂਰਾ ਗਿਆਨ ਹੋਣਾ ਚਾਹੀਦਾ ਹੈ। ਇਸ ਕੌਸ਼ਲ ਦੇ ਨਿਮਨਲਿਖਤ ਤੱਤ ਹਨ।

1. **ਅੰਗ ਸੰਚਾਲਨ** (Body Movement) : ਇਸ ਵਿਚ ਅਧਿਆਪਕ ਨਾਲ ਸੰਬੰਧਿਤ, ਸ਼੍ਰੇਣੀ ਵਿਚ ਕੀਤੇ ਅੰਗ-ਸੰਚਾਲਨ ਦਾ ਵੇਰਵਾ ਹੁੰਦਾ ਹੈ। ਪੜ੍ਹਾਉਂਦੇ ਸਮੇਂ, ਉਹ ਸ਼੍ਰੇਣੀ ਵਿਚ ਕਈ ਤਰ੍ਹਾਂ ਦੀ ਕਿਰਿਆਵਾਂ ਕਰਦਾ ਹੈ, ਜਿਵੇਂ ਇੱਧਰ ਉੱਧਰ ਫਿਰਨਾ, ਹੱਥ ਪੈਰ ਹਿਲਾਉਂਣੇ ਅਤੇ ਹੋਰ ਸਰੀਰਿਕ ਕਿਰਿਆਵਾਂ ਕਰਨੀਆਂ। ਇਸ ਤਰ੍ਹਾਂ ਕਰਨ ਨਾਲ ਵਿਦਿਆਰਥੀਆਂ ਦਾ ਧਿਆਨ ਅਧਿਆਪਕ ਵਿਚ ਰਹਿੰਦਾ ਹੈ। ਪਰੰਤੂ ਇਹ ਕਿਰਿਆਵਾਂ ਵਾਧੂ, ਫ਼ਜ਼ੂਲ, ਨਾਟਕੀ ਤੇ ਬੇਲੋੜੀਆਂ ਨਹੀਂ ਲਗਣੀਆਂ ਚਾਹੀਦੀਆਂ। ਇਸ ਤਰ੍ਹਾਂ, ਸ਼੍ਰੇਣੀ ਦੀ ਇਕਾਗਰਤਾ ਭੰਗ ਹੁੰਦੀ ਹੈ। ਸੁਭਾਵਿਕ ਤੇ ਜ਼ਰੂਰੀ ਸੰਚਾਲਨ ਹੀ ਚੰਗਾ ਲਗਦਾ ਹੈ ਤੇ ਅਧਿਆਪਨ ਵਿਚ ਸਹਾਈ ਹੋ ਸਕਦਾ ਹੈ।

2. **ਹਾਵ ਭਾਵ** (Gesture) : ਇਸ ਤੱਤ ਦੇ ਅੰਤਰਗੱਤ, ਪੜ੍ਹਾਉਂਦੇ ਸਮੇਂ ਅਧਿਆਪਕ ਦੇ ਹਾਵ-ਭਾਵ ਆਉਂਦੇ ਹਨ। ਹਾਵ-ਭਾਵ ਭਾਵਨਾਵਾਂ, ਵਿਚਾਰਾਂ, ਉਦੇਸ਼ਾਂ ਦੀ ਆਕਿਰਤੀ, ਆਕਾਰ ਭਾਵ ਮੁਦਰਾ ਆਦਿ ਨੂੰ ਪ੍ਰਗਟ ਕਰਨ ਲਈ, ਅਸ਼ਾਬਦਿਕ ਸੰਕੇਤ ਹਨ। ਇਸ ਵਿਚ ਮੁੱਖ ਮੁਦਰਾ, ਅੱਖਾਂ ਦੇ ਸੰਕੇਤ, ਸਿਰ ਹਿਲਾਉਣਾ, ਹੱਥ ਸੰਕੇਤ ਆਦਿ ਆਉਂਦੇ ਹਨ। ਪਾਠ ਪੜ੍ਹਾਉਂਦੇ ਸਮੇਂ, ਅਧਿਆਪਕ ਨੂੰ ਪਾਠ ਵਸਤੂ ਦੇ ਅਨੁਸਾਰ ਭਾਵ ਪ੍ਰਗਟ ਕਰਨੇ ਚਾਹੀਦੇ ਹਨ। ਇਨ੍ਹਾਂ, ਹਾਵ-ਭਾਵਾਂ ਦੁਆਰਾ ਵਿਦਿਆਰਥੀਆਂ ਦੇ ਧਿਆਨ ਨੂੰ ਪਾਠ ਵਸਤੂ ਵੱਲ ਨਿਰਦੇਸ਼ਿਤ ਕੀਤਾ ਜਾ ਸਕਦਾ ਹੈ। ਪਰੰਤੂ ਬੋਲਣ ਸਮੇਂ ਅਤੇ ਗੱਲ ਸਮਝਾਉਣ ਲਈ ਹੱਥਾਂ ਜਾਂ ਹੋਰ ਅੰਗਾਂ ਦੇ ਵਰਤੇ ਗਏ ਸੰਕੇਤ, ਯੋਗ ਤੇ ਉਚਿੱਤ ਹੋਣੇ ਚਾਹੀਦੇ ਹਨ। ਵਾਧੂ ਤੇ ਨਾਟਕੀ ਨਹੀਂ ਲੱਗਣੇ ਚਾਹੀਦੇ।

3. **ਅਵਾਜ਼ ਪਰਿਵਰਤਨ** (Change of Voice) : ਇਕ ਹੀ ਸੁਰ ਵਿਚ ਸ਼੍ਰੇਣੀ ਵਿਚ ਨਿਰੰਤਰ ਬੋਲਦੇ ਰਹਿਣ ਨਾਲ ਵਿਦਿਆਰਥੀ ਅੱਕ ਜਾਂਦੇ ਹਨ ਅਤੇ ਉਨ੍ਹਾਂ ਦਾ ਧਿਆਨ ਪਾਠ ਤੋਂ ਹੱਟ ਜਾਂਦਾ ਹੈ। ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਆਪਣੀ ਅਵਾਜ਼ ਵਿਚ ਉਤਾਰ-ਚੜ੍ਹਾਅ ਲਿਆਉਂਦਾ ਰਹੇ। ਇਸ ਨਾਲ ਅਨੇਕ ਭਾਵਾਂ ਨੂੰ, ਵਿਦਿਆਰਥੀਆਂ ਨੂ ਸਮਝਾਇਆ ਜਾ ਸਕਦਾ ਹੈ। ਵਿਭਿੰਨ ਸ਼ਬਦਾਂ ਉਤੇ ਜ਼ੋਰ ਦੇਣ ਨਾਲ ਉਨ੍ਹਾਂ ਦਾ ਅਰਥ ਬਦਲ ਸਕਦਾ ਹੈ। ਅਧਿਆਪਕ ਦੀ ਅਵਾਜ਼ ਵਿਚ ਪਰਿਵਰਤਨ ਕਈ ਤਰ੍ਹਾਂ ਦੇ ਹੋ ਸਕਦੇ ਹਨ। ਉੱਚੀ ਅਵਾਜ਼, ਜ਼ੋਰ ਦੀ, ਤੇਜ਼ ਤੀਬਰ ਗਤੀ, ਕਿਸੇ ਸ਼ਬਦ ਉਤੇ ਦਬਾਅ ਪਾ ਕੇ ਬੋਲਣਾ ਆਦਿ ਵਿਭਿੰਨ ਸਥਿਤੀਆਂ ਤੇ ਭਾਵਾਂ ਨੂੰ ਸਪਸ਼ਟ ਕਰਦੇ ਹਨ। ਇਹ ਪਰਿਵਰਤਨ ਵਿਸ਼ੇ ਅਨੁਸਾਰ ਹੋਣੇ ਚਾਹੀਦੇ ਹਨ ਤੇ ਨਕਲੀ ਨਹੀਂ ਲੱਗਣੇ ਚਾਹੀਦੇ।

4. **ਮੌਨ ਵਿਰਾਮ** (Pausing) : ਇਥੇ ਵਿਰਾਮ ਦਾ ਅਰਥ ਅਜਿਹੇ ਮੌਨ ਤੋਂ ਹੈ ਜਦੋਂ ਅਧਿਆਪਕ ਬੋਲਦੇ-ਬੋਲਦੇ ਕੁਝ ਪਲਾਂ ਲਈ ਰੁੱਕ ਜਾਵੇ ਤਾਂ ਕਿ ਵਿਦਿਆਰਥੀਆਂ ਦਾ ਧਿਆਨ ਉਸ ਵੱਲ ਖਿੱਚਿਆ ਜਾਵੇ। ਇਸ ਦੀ ਅੱਵਧੀ ਬਹੁਤ ਥੋੜ੍ਹੀ ਹੁੰਦੀ ਹੈ। ਇਸ ਦਾ ਪ੍ਰਯੋਗ ਉਚਿੱਤ ਸਥਾਨ ਤੇ ਹੀ ਕਰਨਾ ਚਾਹੀਦਾ ਹੈ। ਤਿੰਨ ਸੈਕਿੰਡ ਦਾ ਵਿਰਾਮ ਉਪਯੁੱਕਤ ਹੁੰਦਾ ਹੈ। ਵਧੇਰੇ ਵਿਰਾਮ ਅਧਿਆਪਨ ਨੂੰ ਪ੍ਰਭਾਵਹੀਣ ਬਣਾ ਦਿੰਦਾ ਹੈ।

5. **ਭਾਵ-ਕੇਂਦਰੀਕਰਨ** (Focussing) : ਇਸ ਦਾ ਪ੍ਰਯੋਗ ਕਿਸੇ ਵਿਸ਼ੇਸ਼ ਬਿੰਦੂ, ਘਟਨਾ ਆਦਿ ਵੱਲ, ਵਿਦਿਆਰਥੀਆਂ ਦਾ ਧਿਆਨ ਕੇਂਦਰਿਤ ਕਰਨ ਲਈ ਕੀਤਾ ਜਾਂਦਾ ਹੈ। ਅਧਿਆਪਕ ਭਾਵ- ਕੇਂਦਰੀਕਰਨ ਲਈ, ਹੇਠ ਲਿਖੇ ਵਿਵਹਾਰ ਕਰਦਾ ਹੈ।

(i) **ਸ਼ਾਬਦਿਕ ਕੇਂਦਰੀਕਰਨ :** ਇਸਦੇ ਅੰਤਰਗੱਤ, ਅਧਿਆਪਕ ਸ਼ਬਦਾਂ ਦੁਆਰਾ ਵਿਦਿਆਰਥੀਆਂ ਦਾ ਧਿਆਨ ਕੇਂਦਰਿਤ ਕਰਦਾ ਹੈ, ਜਿਵੇਂ- 'ਇਸ ਚਿੱਤਰ ਨੂੰ ਦੇਖੋ', 'ਇੱਧਰ ਧਿਆਨ ਦਿਉ'- ਆਦਿਕ।

(ii) **ਮੁਦਰਾਤਮਿਕ ਕੇਂਦਰੀਕਰਨ :** ਇਸਦੇ ਅੰਤਰਗੱਤ, ਅਧਿਆਪਕ ਸਰੀਰ ਦੇ ਭਿੰਨ-ਭਿੰਨ ਭਾਗਾਂ, ਵਿਸ਼ੇਸ਼ ਰੂਪ ਵਿਚ ਹੱਥ, ਉਂਗਲੀਆਂ ਆਦਿ ਦਾ ਪ੍ਰਯੋਗ ਕਰਦਾ ਹੈ।

(iii) **ਸ਼ਾਬਦਿਕ ਮੁਦਰਾਤਮਿਕ ਕੇਂਦਰੀਕਰਨ :** ਇਸਦੇ ਅੰਤਰਗੱਤ, ਅਧਿਆਪਕ ਹੱਥਾਂ ਦੇ ਨਾਲ-ਨਾਲ ਭਾਵ-ਕਿਰਿਆਵਾਂ ਦਾ ਵੀ ਪ੍ਰਯੋਗ ਕਰਦਾ ਹੈ। ਅਧਿਆਪਕ, ਇਨ੍ਹਾਂ ਵਿਵਹਾਰਾਂ ਦਾ ਪ੍ਰਯੋਗ ਇਕੋ ਸਮੇਂ ਵੀ ਕਰ ਸਕਦਾ ਹੈ।

6. **ਵਿਦਿਆਰਥੀਆਂ ਦਾ ਕਿਰਿਆਤਮਿਕ ਸਹਿਯੋਗ** (Physical Involvement of the Students) : ਇਸ ਵਿਚ, ਅਧਿਆਪਕ ਵੱਲੋਂ, ਵਿਦਿਆਰਥੀ ਤੋਂ ਪ੍ਰਯੋਗ ਜਾਂ ਬਲੈਕ ਬੋਰਡ ਉਤੇ ਲਿਖਵਾਉਣ ਜਾਂ ਆਕਿਰਤੀ ਬਣਵਾਉਣ ਆਦਿ ਦੀਆਂ ਕਿਰਿਆਵਾਂ ਸ਼ਾਮਲ ਕੀਤੀਆਂ ਜਾਂਦੀਆਂ ਹਨ।

7. **ਅੰਤਰਕਿਰਿਆ ਸ਼ੈਲੀ ਵਿਚ ਪਰਿਵਰਤਨ** (Change in Behaviour Style) : ਜਦੋਂ ਦੋ ਜਾਂ ਵਧੇਰੇ ਵਿਅਕਤੀ ਇਕ ਦੂਸਰੇ ਨਾਲ ਮੌਖਿਕ ਵਾਰਤਾਲਾਪ ਕਰਦੇ ਹਨ ਤਾਂ ਇਸਨੂੰ ਮੌਖਿਕ ਅੰਤਰ-ਕਿਰਿਆ ਕਿਹਾ ਜਾਂਦਾ ਹੈ। ਸ਼੍ਰੇਣੀ ਵਿਚ ਅਧਿਆਪਕ ਤੇ ਵਿਦਿਆਰਥੀਆਂ ਵਿਚਕਾਰ ਵੀ ਅੰਤਰ ਕਿਰਿਆ ਹੁੰਦੀ ਹੈ, ਜੋ ਪਰਸਪਰ ਕਿਰਿਆਵਾਂ ਕਰਦੇ ਹਨ। ਇਸਦੇ ਤਿੰਨ ਰੂਪ ਹਨ :

(i) ਅਧਿਆਪਕ ਤੇ ਸਾਰੀ ਸ਼੍ਰੇਣੀ ਦੇ ਵਿਦਿਆਰਥੀਆਂ ਵਿਚਕਾਰ ਅੰਤਰਕਿਰਿਆ।

(ii) ਅਧਿਆਪਕ-ਵਿਦਿਆਰਥੀ ਪਰਸਪਰ ਕਿਰਿਆ, ਅਤੇ

(iii) ਵਿਦਿਆਰਥੀ-ਵਿਦਿਆਰਥੀ ਵਿਚਕਾਰ ਅੰਤਰ ਕਿਰਿਆ।

ਇਸ ਦੁਆਰਾ, ਸ਼੍ਰੇਣੀ ਵਿਚ ਅਜਿਹਾ ਵਾਤਾਵਰਨ ਉਤਪੰਨ ਹੋ ਸਕਦਾ ਹੈ ਕਿ ਪਾਠ ਵਿਚ ਸਾਰੇ ਸਹਿਯੋਗ ਦੇ ਸਕਣ ਅਤੇ ਅਧਿਆਪਨ ਕੇਵਲ ਭਾਸ਼ਣ ਜਾਂ ਵਰਨਣ ਬਣਕੇ ਹੀ ਨਾ ਰਹਿ ਜਾਵੇ।

8. **ਦੇਖਣ-ਸੁਣਨ ਸਾਧਨ ਕ੍ਰਮ ਪਰਿਵਰਤਨ** (Change in Audio-Visual Sequence) : ਇਸ ਤੱਤ ਵਿਚ, ਅਧਿਆਪਕ ਵਲੋਂ ਪੜ੍ਹਾਉਂਦੇ ਸਮੇਂ ਦ੍ਰਿਸ਼-ਪਰਿਵਰਤਨਾਂ ਦਾ ਉਲੇਖ ਹੁੰਦਾ ਹੈ। ਇਸ ਵਿਚ ਉਹ ਕਦੇ ਦੇਖਣ ਅਤੇ ਕਦੇ ਸੁਣਨ ਦੀਆਂ ਕਿਰਿਆਵਾਂ ਕਰਦਾ ਹੈ। ਪਾਠ ਪੜ੍ਹਾਉਂਦੇ ਸਮੇਂ, ਅਧਿਆਪਕ, ਮੌਖਿਕ ਵਿਵਰਨ ਦੇ ਨਾਲ-ਨਾਲ ਕਦੀ ਪ੍ਰਯੋਗ ਦਿਖਾਉਂਦਾ ਹੈ, ਕਦੀ ਚਿੱਤਰ ਦਿਖਾ ਕੇ ਜਾਂ ਬਲੈਕ ਬੋਰਡ ਉਤੇ ਰੇਖਾ ਚਿੱਤਰ ਬਣਾ ਕੇ ਜਾਂ ਲਿਖ ਕੇ ਸਮਝਾਉਂਦਾ ਹੈ। ਕਦੀ-ਕਦੀ ਉਹ ਮਾਡਲ ਦਿਖਾਉਣ ਲਗ ਪੈਂਦਾ ਹੈ, ਕਦੀ ਚਿੱਤਰ ਦਿਖਾਉਂਦੇ-ਦਿਖਾਉਂਦੇ ਉਹ ਵੇਰਵਾ ਦੇਣ ਲਗ ਪੈਂਦਾ ਹੈ। ਕਦੀ-ਕਦੀ ਉਹ ਬੋਲਦਾ ਵੀ ਹੈ ਅਤੇ ਮਾਡਲ ਦਾ ਪ੍ਰਯੋਗ ਵੀ ਕਰਦਾ ਹੈ। ਇਨ੍ਹਾਂ ਸਾਰੀਆਂ ਕਿਰਿਆਵਾਂ ਨੂੰ ਦੇਖਣ-ਸੁਣਨ ਪਰਿਵਰਤਨ ਦਾ ਨਾਮ ਦਿੱਤਾ ਗਿਆ ਹੈ।

### 2.4.6.5 ਪੁਸ਼ਟੀਕਰਨ ਦਾ ਕੌਸ਼ਲ :

ਸ਼੍ਰੇਣੀ ਦੇ ਸਾਰੇ ਵਿਦਿਆਰਥੀ, ਆਪਣੇ ਚੰਗੇ ਉੱਤਰਾਂ ਦੀ ਪ੍ਰਸੰਸਾ ਜਾਂ ਪੁਸ਼ਟੀਕਰਨ ਦੀ ਮੰਗ ਕਰਦੇ ਹਨ। ਪੁਸ਼ਟੀਕਰਨ ਦੁਆਰਾ ਵਿਦਿਆਰਥੀ ਦੀ ਸ਼੍ਰੇਣੀ ਦੇ ਕੰਮ ਵਿਚ ਭਾਗਸ਼ੀਲਤਾ ਵਧਾਈ ਜਾ ਸਕਦੀ ਹੈ। ਪੁਸ਼ਟੀਕਰਨ ਦੇ ਕਈ ਢੰਗ ਹਨ, ਜਿਵੇਂ-ਵਿਦਿਆਰਥੀ ਵਲੋਂ ਠੀਕ ਉੱਤਰ ਦੇਣ ਉੱਤੇ 'ਸਾਬਾਸ਼' ਕਹਿਣਾ ਜਾਂ ਉਸਦੇ ਦਿੱਤੇ ਉੱਤਰ ਨੂੰ ਬਲੈਕ ਬੋਰਡ ਉਤੇ ਲਿਖਣਾ। ਪੁਸ਼ਟੀਕਰਨ, ਸਾਕਾਰਾਤਮਿਕ ਜਾਂ ਨਾਕਾਰਾਤਮਿਕ ਹੋ ਸਕਦਾ ਹੈ। ਸਾਕਾਰਾਤਮਿਕ ਪੁਸ਼ਟੀਕਰਨ ਵਿਚ ਪ੍ਰਸੰਸਾ ਦੁਆਰਾ ਹੌਂਸਲਾ ਵਧਾਉਣ ਦਾ ਕੰਮ ਕੀਤਾ ਜਾਂਦਾ ਹੈ। ਨਾਕਾਰਾਤਮਿਕ ਪੁਸ਼ਟੀਕਰਨ ਵਿਚ ਗਲਤੀਆਂ ਕੱਢ ਕੇ ਸੁਧਾਰ ਕੀਤਾ ਜਾਂਦਾ ਹੈ।

ਇਸ ਪ੍ਰਕਾਰ, ਪੁਸ਼ਟੀਕਰਨ ਅਧਿਆਪਨ ਦਾ ਅਜਿਹਾ ਕੌਸ਼ਲ ਹੈ, ਜਿਸ ਦੁਆਰਾ ਇਕ ਅਧਿਆਪਕ ਨੂੰ ਆਪਣੇ ਵਿਦਿਆਰਥੀ ਦੇ ਵਿਵਹਾਰ ਵਿਚ ਇੱਛਤ ਪਰਿਵਰਤਨ ਲਿਆਉਣ ਲਈ, ਪੁਸ਼ਟੀਕਰਨ ਦੀ ਉਚਿੱਤ ਚੋਣ ਅਤੇ ਉਨ੍ਹਾਂ ਦੇ ਪ੍ਰਭਾਵਸ਼ਾਲੀ ਉਪਯੋਗ ਵਿਚ ਸੰਪੂਰਨ ਸਹਾਇਤਾ ਮਿਲਦੀ ਹੈ। ਅਧਿਆਪਨ-ਸਿੱਖਣ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਤੇ ਤੀਬਰ ਕਰਨ ਵਿਚ ਪੁਸ਼ਟੀਕਰਨ ਦਾ ਵਿਸ਼ੇਸ਼ ਮਹੱਤਵ ਹੈ।

**ਸਾਵਧਾਨੀਆਂ** (Precautions) : ਪੁਸ਼ਟੀਕਰਨ ਕੌਸ਼ਲ ਦੀ ਵਰਤੋਂ ਕਰਨ ਸਮੇਂ ਕੁਝ ਸਾਵਧਾਨੀਆਂ ਦਾ ਧਿਆਨ ਰੱਖਣਾ ਜ਼ਰੂਰੀ ਹੈ, ਨਹੀਂ ਤਾਂ ਇਸ ਕੌਸ਼ਲ ਦਾ ਬੁਰਾ ਪ੍ਰਭਾਵ ਵੀ ਹੋ ਸਕਦਾ ਹੈ। ਇਹ ਸਾਵਧਾਨੀਆਂ ਹੇਠ ਲਿਖੇ ਅਨੁਸਾਰ ਹਨ :

1. ਇਸ ਕੌਸ਼ਲ ਦੇ ਪ੍ਰਯੋਗ ਵਿਚ ਕੇਵਲ ਕੁਝ ਹੀ ਕੱਥਨਾਂ ਦਾ ਵਾਰ-ਵਾਰ ਪ੍ਰਯੋਗ ਕਰਨਾ ਉਚਿੱਤ ਨਹੀਂ ਹੁੰਦਾ। ਕੁਝ ਅਧਿਆਪਕ, ਹਰ ਪ੍ਰਸ਼ਨ 'ਤੇ, 'ਅੱਛਾ, ਬਹੁਤ ਅੱਛਾ' ਆਦਿ ਇਕ ਹੀ ਪ੍ਰਕਾਰ ਦੇ ਸ਼ਬਦ ਬੋਲਦੇ ਹਨ। ਇਸ ਨਾਲ ਵਿਦਿਆਰਥੀ ਉਸ ਅਧਿਆਪਕ ਦਾ ਮਖੌਲ ਉਡਾਉਣਾ ਸ਼ੁਰੂ ਕਰ ਦਿੰਦੇ ਹਨ।
2. ਪੁਸ਼ਟੀਕਰਨ ਦੀ ਲੋੜ ਤੋਂ ਵਧੇਰੇ ਵਰਤੋਂ ਕਰਨੀ ਵੀ ਗਲਤ ਹੈ। ਅਧਿਆਪਕ ਦੁਆਰਾ, ਹਰੇਕ ਪ੍ਰਤਿਕ੍ਰਿਆ (Response) ਨੂੰ ਪੁਸ਼ਟੀਕਰਨ ਪ੍ਰਦਾਨ ਨਹੀਂ ਕਰਨਾ ਚਾਹੀਦਾ। ਇਸ ਨਾਲ ਪੁਸ਼ਟੀਕਰਨ ਦਾ ਪ੍ਰਭਾਵ ਸਮਾਪਤ ਹੋ ਜਾਂਦਾ ਹੈ ਅਤੇ ਅਧਿਆਪਕ ਦੇ ਵਿਵਹਾਰ ਵਿਚ ਬਨਾਵਟੀਪਨ ਆ ਜਾਂਦਾ ਹੈ।
3. ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਸਾਰੇ ਵਿਦਿਆਰਥੀਆਂ ਨੂੰ ਪੁਸ਼ਟੀਕਰਨ ਪ੍ਰਦਾਨ ਕਰੇ। ਕੇਵਲ ਠੀਕ ਉੱਤਰ ਦੇਣ ਵਾਲੇ ਵਿਦਿਆਰਥੀ ਦੀ ਪ੍ਰਸੰਸਾ ਹੀ ਨਾ ਕੀਤੀ ਜਾਵੇ, ਸਗੋਂ ਪ੍ਰਸ਼ਨਾਂ ਦੇ ਉੱਤਰ ਦੇਣ ਵਿਚ ਘਬਰਾਹਟ ਦਾ ਪ੍ਰਦਰਸ਼ਨ ਕਰਨ ਵਾਲੇ ਜਾਂ ਅਧਿਆਪਕ ਤੋਂ ਡਰ ਮਹਿਸੂਸ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਪੁਸ਼ਟੀਕਰਨ ਪ੍ਰਦਾਨ ਕੀਤਾ ਜਾਵੇ।
4. ਪੁਸ਼ਟੀਕਰਨ ਇਕੋ ਜਿਹਾ ਹੀ ਪ੍ਰਦਾਨ ਕਰਨਾ ਚਾਹੀਦਾ ਹੈ। ਅਜਿਹਾ ਨਾ ਹੋਵੇ ਕਿ ਸੌਖੇ ਪ੍ਰਸ਼ਨ 'ਤੇ ਬਹੁਤ ਵਧੇਰੇ

ਪੁਸ਼ਟੀਕਰਨ ਦਿੱਤਾ ਜਾਵੇ ਅਤੇ ਔਖੇ ਪ੍ਰਸ਼ਨਾਂ ਦੇ ਉਤਰਾਂ ਉਤੇ ਘੱਟ।

**ਕੌਸ਼ਲ ਦੇ ਤੱਤ** (Components of Skill)

ਪੁਸ਼ਟੀਕਰਨ ਕੌਸ਼ਲ ਦਾ ਨਿਰੀਖਣ, ਹੇਠ ਲਿਖੇ ਕੌਸ਼ਲੀ-ਤੱਤਾਂ ਦੇ ਆਧਾਰ 'ਤੇ ਕੀਤਾ ਜਾ ਸਕਦਾ ਹੈ :

1. ਪ੍ਰਸੰਸਾਤਮਿਕ ਕੱਥਨਾਂ ਦਾ ਪ੍ਰਯੋਗ ਕੀਤਾ ਗਿਆ।
2. ਹਾਵ-ਭਾਵ ਅਤੇ ਹੋਰ ਅਸ਼ਾਬਦਿਕ ਸੰਕੇਤਾਂ ਦਾ ਪ੍ਰਯੋਗ ਕੀਤਾ ਗਿਆ।
3. ਵਿਦਿਆਰਥੀਆਂ ਦੀਆਂ ਭਾਵਨਾਵਾਂ ਨੂੰ ਸਵੀਕਾਰ ਕੀਤਾ ਗਿਆ।
4. ਨਾਕਾਰਾਤਮਿਕ ਅਸ਼ਾਬਦਿਕ ਸੰਕੇਤਾਂ ਦਾ ਪ੍ਰਯੋਗ ਕੀਤਾ ਗਿਆ।
5. ਨਾਕਾਰਾਤਮਿਕ ਸ਼ਾਬਦਿਕ ਕੱਥਨਾਂ ਦਾ ਪ੍ਰਯੋਗ ਕੀਤਾ ਗਿਆ।
6. ਵਿਦਿਆਰਥੀਆਂ ਦੇ ਸਹੀ ਉੱਤਰਾਂ ਨੂੰ ਬਲੈਕ ਬੋਰਡ ਉਤੇ ਲਿਖਿਆ ਗਿਆ।
7. ਪੁਸ਼ਟੀਕਰਨ ਦਾ ਵਧੇਰੇ ਪ੍ਰਯੋਗ ਕੀਤਾ ਗਿਆ।
8. ਵਿਦਿਆਰਥੀਆਂ ਦੇ ਸੁਝਾਵਾਂ ਦਾ ਸਮੱਰਥਨ ਕੀਤਾ ਗਿਆ।

**2.4.6.6 ਬਲੈਕ ਬੋਰਡ ਦੀ ਵਰਤੋਂ :**

ਅਧਿਆਪਨ-ਪ੍ਰਕਿਰਿਆ ਵਿਚ ਬਲੈਕ ਬੋਰਡ ਦੇ ਪ੍ਰਯੋਗ ਦਾ ਬਹੁਤ ਮਹੱਤਵ ਹੈ। ਇਹ ਸੱਭ ਤੋਂ ਸਸਤਾ, ਸੁਲੱਭ ਤੇ ਬਹੁ-ਉਪਯੋਗੀ ਸਿੱਖਿਆ ਸਾਧਨ ਹੈ। ਸਾਡੇ ਸਾਰੇ ਸਕੂਲਾਂ ਵਿਚ ਇਕ ਬਲੈਕ ਬੋਰਡ ਜ਼ਰੂਰ ਹੁੰਦਾ ਹੈ, ਭਾਵੇਂ ਉਹ ਕਿਸੇ ਕੰਧ ਉਤੇ ਕਾਲਾ ਰੰਗ ਕਰਕੇ ਹੀ ਬਣਾਇਆ ਗਿਆ ਹੋਵੇ। ਇਸ ਤੋਂ ਬਿਨਾਂ ਸਿੱਖਿਆ ਦਾ ਕੰਮ ਅਸੰਭਵ ਹੈ। ਇਹ ਵਿਦਿਆਰਥੀਆਂ ਨੂੰ ਦੇਖਣ ਦੇ ਨਾਲ-ਨਾਲ ਸੁਣਨ ਦੀ ਵਿਵਸਥਾ ਵੀ ਪ੍ਰਦਾਨ ਕਰਦਾ ਹੈ। ਇਸਦੇ ਪ੍ਰਯੋਗ ਨਾਲ, ਵਿਦਿਆਰਥੀਆਂ ਦਾ ਧਿਆਨ ਪਾਠ ਵਿਚ ਕੇਂਦਰਿਤ ਹੋ ਜਾਂਦਾ ਹੈ। ਸ਼ਾਬਦਿਕ ਕੱਥਨਾਂ ਨੂੰ ਬਲੈਕ ਬੋਰਡ ਉਤੇ ਲਿਖਣ ਨਾਲ ਪੁਸ਼ਟੀਕਰਨ ਹੁੰਦਾ ਹੈ ਤੇ ਵਿਦਿਆਰਥੀਆਂ ਦੀ ਭਾਗਸ਼ੀਲਤਾ ਨੂੰ ਉਤਸ਼ਾਹ ਮਿਲਦਾ ਹੈ। ਉਹ ਬਲੈਕ ਬੋਰਡ ਉਪਰ ਲਿਖੀ ਸਮੱਗਰੀ ਨੂੰ ਸੌਖੀ ਤਰ੍ਹਾਂ ਆਪਣੀਆਂ ਕਾਪੀਆਂ ਉਤੇ ਲਿਖ ਸਕਦੇ ਹਨ ਤੇ ਲਿਖਣ ਵਿਚ ਅਸ਼ੁੱਧੀਆਂ ਨਹੀਂ ਕਰਦੇ। ਅੱਜਕਲ, ਕਈ ਰੰਗਾਂ ਦੇ ਬੋਰਡ ਵੀ ਵਰਤੇ ਜਾਣ ਲਗੇ ਹਨ।

ਬਲੈਕ ਬੋਰਡ ਦੀ ਵਰਤੋਂ ਕਰਨ ਦੇ ਕੌਸ਼ਲ ਤੋਂ ਭਾਵ ਇਕ ਅਜਿਹੀ ਤਕਨੀਕ ਹਾਸਿਲ ਕਰਨ ਤੋਂ ਹੈ, ਜਿਸ ਦੀ ਸਹਾਇਤਾ ਨਾਲ ਇਕ ਅਧਿਆਪਕ ਬਲੈਕ ਬੋਰਡ ਦੀ ਪੂਰੀ ਕੁਸ਼ਲਤਾ ਤੇ ਸਫ਼ਲਤਾ ਪੂਰਵਕ ਵਰਤੋਂ ਕਰ ਸਕੇ ਅਤੇ ਆਪਣੇ ਅਧਿਆਪਨ ਨੂੰ ਵਧੇਰੇ ਪ੍ਰਭਾਵਸ਼ਾਲੀ ਤੇ ਲਾਭਦਾਇਕ ਬਣਾ ਸਕੇ।

**ਬਲੈਕ ਬੋਰਡ ਪ੍ਰਯੋਗ ਦੇ ਕੌਸ਼ਲ ਦੇ ਅੰਸ਼**

(Components of Skill of Using Black Board)

ਬਲੈਕ ਬੋਰਡ ਸਿੱਖਿਆ ਕੌਸ਼ਲ ਵਿਚ, ਹੇਠ ਲਿਖੇ ਅਧਿਆਪਨ ਤੱਤਾਂ ਦਾ ਸੁਮੇਲ ਹੁੰਦਾ ਹੈ :

1. **ਲਿੱਖਤ ਦੀ ਸਪੱਸ਼ਟਤਾ** (Legibility of the Handwriting) : ਇਸ ਅੰਸ਼ ਦੇ ਅੰਤਰਗੱਤ ਹੇਠ ਲਿਖੀਆਂ ਗੱਲਾ ਆਉਂਦੀਆਂ ਹਨ :

(i) ਅੱਖਰਾਂ ਦਾ ਸਪੱਸ਼ਟ ਵੱਖਰਾਪਨ।
(ii) ਅੱਖਰਾਂ ਦਾ ਯੋਗ ਮਾਪ ਤੇ ਆਕ੍ਰਿਤੀ।
(iii) ਦੋ ਅੱਖਰਾਂ, ਦੋ ਸ਼ਬਦਾਂ ਤੇ ਦੋ ਸੱਤਰਾਂ ਵਿਚਕਾਰ ਲੋੜੀਂਦੀ ਦੂਰੀ।
(iv) ਅੱਖਰਾਂ ਦਾ ਝੁਕਾਅ (Slantness) ਇਕੋ ਜਿਹਾ ਹੋਵੇ।

2. **ਬਲੈਕ ਬੋਰਡ ਕਾਰਜ ਵਿਚ ਸੁਥਰਾਪਨ** (Neatness of the B.B. Work) : ਇਸ ਅੰਸ਼ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ :

(i) ਸ਼ਬਦ-ਸਮੂਹ ਅਤੇ ਵਾਕ ਸਿੱਧੀ ਰੇਖਾ ਵਿਚ ਅਤੇ ਬਲੈਕ ਬੋਰਡ ਦੇ ਆਧਾਰ ਤੇ ਸਮਾਨੰਤਰ ਹੋਣ।

(ii) ਮੁੱਖ-ਬਿੰਦੂ ਤੇ ਹੋਰ ਵਿਵਰਨ, ਇਸ ਤਰ੍ਹਾਂ ਲਿਖਿਆ ਜਾਵੇ ਕਿ ਮੁੱਖ-ਬਿੰਦੂ ਸਪੱਸ਼ਟ ਰੂਪ ਵਿਚ ਸਮਝ ਵਿਚ ਆਵੇ।

(iii) ਲਿਖਤ ਵਿਚ ਸ਼ਬਦਾਂ ਜਾਂ ਵਾਕਾਂ ਵਿਚ over writing ਨਾ ਹੋਵੇ।

(iv) ਲਿਖ ਕੇ ਮਿਟਾਉਣ ਦਾ ਕੰਮ ਸਿਲਸਿਲੇਵਾਰ ਹੋਵੇ।

3. **ਬਲੈਕ ਬੋਰਡ ਦੇ ਕੰਮ ਦਾ ਢੁੱਕਵਾਪਨ** (Adequacy of B.B. Work) : ਇਸ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ :

(i) ਲਿਖਤ ਸਮੱਗਰੀ ਸੰਖੇਪ, ਪ੍ਰਾਸੰਗਿਕ ਤੇ ਸਪੱਸ਼ਟ ਹੋਵੇ।

(ii) ਇਹ ਆਕਰਸ਼ਿਤ ਕਰੇ ਤੇ ਰੁਚੀਦਾਇਕ ਹੋਵੇ।

(iii) ਮੁੱਖ ਬਿੰਦੂਆਂ ਨੂੰ ਰੇਖਾਂਕਿਤ ਕੀਤਾ ਜਾਵੇ।

(iv) ਸ਼ਕਲਾਂ ਤੇ ਆਕ੍ਰਿਤੀਆਂ ਬਣਾਉਣ ਸਮੇਂ ਰੰਗਦਾਰ ਚਾਕ ਵਰਤੇ ਜਾਣ।

4. **ਫੁੱਟਕਲ ਗੱਲਾਂ** (Misc. Points) : ਬਲੈਕ ਬੋਰਡ ਦੀ ਵਰਤੋਂ ਵਿਚ ਹੇਠ ਲਿਖੀਆਂ ਗੱਲਾਂ ਦਾ ਨਿਰੀਖਣ ਵੀ ਕੀਤਾ ਜਾਂਦਾ ਹੈ:

(i) ਕੀ ਬਲੈਕ-ਬੋਰਡ, ਪਾਠ ਆਰੰਭ ਕਰਨ ਤੋਂ ਪਹਿਲਾਂ ਸਾਫ਼ ਸੀ ?

(ii) ਬਲੈਕ-ਬੋਰਡ ਉਤੇ ਲਿਖਣ ਸਮੇਂ ਅਧਿਆਪਕ ਦੀ ਸਥਿਤੀ ਕਿਹੋ ਜਿਹੀ ਸੀ ?

(iii) ਲਿਖਣ ਸਮੇਂ ਚਾਕ ਤੋਂ ਅਵਾਜ਼ ਤਾਂ ਨਹੀਂ ਸੀ ਉਤਪੰਨ ਹੋ ਰਹੀ?

(iv) ਬਲੈਕ-ਬੋਰਡ ਕਾਰਜ ਦਾ ਉਪਯੋਗ ਕਰਨ ਲਈ ਪੁਆਇੰਟਰ (pointer) ਦੀ ਵਰਤੋਂ ਕੀਤੀ ਗਈ ?

(v) ਬਲੈਕ ਬੋਰਡ ਉਤੇ ਲਿਖੀ ਗਈ ਸਮੱਗਰੀ ਵਿਚ ਕੋਈ ਗਲਤੀ ਜਾਂ ਅਸ਼ੁੱਧੀ ਤਾਂ ਨਹੀਂ ਸੀ?

(vi) ਬਲੈਕ ਬੋਰਡ ਡਸਟਰ ਨਾਲ ਸਾਫ਼ ਕੀਤਾ ਗਿਆ ਕਿ ਹੱਥ ਜਾਂ ਉਂਗਲੀਆਂ ਨਾਲ?

ਇਹਨਾਂ ਬਲੈਕ ਬੋਰਡ ਦੇ ਕੋਸ਼ਲਾਂ ਦੀ ਵਰਤੋਂ ਕਰਕੇ ਅਧਿਆਪਕ ਆਪਣੇ ਅਧਿਆਪਨ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾ ਸਕਦਾ ਹੈ।

### 2.4.7 ਸਾਰ :

ਸੂਖਮ ਦਾ ਅਰਥ ਹੈ-ਲਘੂ (ਛੋਟੇ) ਪੈਮਾਨੇ ਵਾਲੀ। ਇਸ ਤਰ੍ਹਾਂ, ਸੂਖਮ ਅਧਿਆਪਨ ਦਾ ਸਧਾਰਨ ਸ਼ਬਦਾਂ ਵਿਚ ਅਰਥ ਹੈ-ਲਘੂ ਸ਼੍ਰੇਣੀ, ਲਘੂ ਪਾਠ-ਅਵਧੀ ਤੇ ਲਘੂ ਪਾਠ-ਸਮੱਗਰੀ ਦੁਆਰਾ ਅਧਿਆਪਨ। ਅਧਿਆਪਨ ਇਕ ਗੁੰਝਲਦਾਰ ਪ੍ਰਕਿਰਿਆ ਹੈ। ਇਸ ਸਿਖਲਾਈ ਵੱਲ ਹੌਲੀ-ਹੌਲੀ, ਕ੍ਰਮਬੱਧ ਢੰਗ ਨਾਲ ਅੱਗੇ ਵੱਧਣਾ ਪੈਂਦਾ ਹੈ। ਮਾਈਕਰੋ ਟੀਚਿੰਗ ਦੇ ਤਿੰਨ ਚਰਣ ਹਨ : 1) ਗਿਆਨ ਪ੍ਰਾਪਤੀ ਚਰਣ, 2) ਹੁਨਰ ਪ੍ਰਾਪਤੀ ਚਰਣ, 3) ਤਬਾਦਲਾ ਚਰਣ। ਸ਼ਿਖਸ਼ਣ ਇਕ ਗੁੰਝਲਦਾਰ ਕਾਰਜ ਹੈ ਜਿਹੜਾ ਵੱਖ-ਵੱਖ ਵਿਸ਼ੇਸ਼ ਸ਼ਿਖਸ਼ਣ ਹੁਨਰਾਂ ਦਾ ਬਣਿਆ ਹੋਇਆ ਹੈ ਮਾਈਕਰੋ ਸ਼ਿਖਸ਼ਣ ਰਾਹੀਂ ਸ਼੍ਰੇਣੀ-ਕਮਰੇ ਦੀਆਂ ਗੁੰਝਲਾਂ ਨੂੰ ਘਟਾਇਆ ਜਾ ਸਕਦਾ ਹੈ। ਸ਼ਿਖਸ਼ਣ ਅਧਿਆਪਕ ਵਲੋਂ ਪੜ੍ਹਾਉਣ ਸਮੇਂ ਉਤਪੰਨ ਕੀਤੀ ਹੋਈ ਉਕਸਾਹਟ ਉੱਤੇ ਨਿਰਭਰ ਹੈ। ਇਕ ਚੰਗਾ ਅਧਿਆਪਕ ਆਪਣੇ ਸ਼ਿਖਸ਼ਣ ਵਿਚ ਵੰਨ ਸੁਵੰਨਤਾ ਲਿਆਉਣ ਲਈ ਉਕਸਾਹਟ ਨੂੰ ਸਦਾ ਤਬਦੀਲ ਕਰਦਾ ਰਹਿੰਦਾ ਹੈ। ਇੰਝ ਕਰਨ ਨਾਲ ਉਸ ਵਿਦਿਆਰਥੀਆਂ ਦਾ ਧਿਆਨ ਖਿੱਚਣ ਵਿਚ ਸਫਲ ਹੁੰਦਾ ਹੈ। ਇਸ ਕੰਮ ਲਈ ਅਧਿਆਪਕ ਨੂੰ ਵੱਖ-ਵੱਖ ਕੋਸਲਾ ਦਾ ਗਿਆਨ ਹੋਣਾ ਚਾਹੀਦਾ ਹੈ ਜਿਵੇਂ ਕਿ, ਪਾਠ ਦਾ ਆਰੰਭ, ਪ੍ਰਤੀਪੁਸ਼ਟੀ, ਪ੍ਰਸ਼ਨ ਪੁਛਣਾ, ਉਦਾਹਰਣਾ ਸਹਿਤ ਵਿਆਖਿਆ, ਉਤੇਜਿਕ ਪਰਿਵਰਤਨ, ਬਲੈਕ ਬੋਰਡ ਦੀ ਵਰਤੋਂ ਆਦਿ।

### 2.4.8 ਸੁਝਾਏ ਪ੍ਰਸ਼ਨ :

1. ਮਾਈਕਰੋ ਟੀਚਿੰਗ ਇੱਕ ਲਘੂ ਪੈਮਾਨੇ ਵਾਲੀ ਟੀਚਿੰਗ ਹੈ।
2. ਮਾਈਕਰੋ ਟੀਚਿੰਗ ਕੀ ਹੈ ? ਉਤੇਜਿਕ ਪ੍ਰੀਵਰਤਨ ਅਤੇ ਪੁਸ਼ਟੀਕਰਨ ਸਕਿਲ ਨੂੰ ਵਿਸਥਾਰ ਵਿੱਚ ਲਿਖੋ ?
3. ਹੇਠ ਲਿਖਿਆ ਤੇ ਨੋਟ ਲਿਖੋ :

    (i) ਪ੍ਰਸ਼ਨ ਪੁਛਣਾ

    (ii) ਪਾਠ ਦਾ ਅਰੰਭ

(iii) ਬਲੈਕ ਬੋਰਡ ਦੀ ਵਰਤੋਂ

(iv) ਉਦਾਹਰਣਾ ਸਹਿਤ ਵਿਆਖਿਆ।

**2.4.9 ਸੁਝਾਈਆਂ ਪੁਸਤਕਾਂ :**


1. ਸਚਦੇਵਾ, ਐਮ.ਐਮ. : ਸਿੱਖਿਅਕ ਤਕਨਾਲੋਜੀ ਅਤੇ ਪ੍ਰਬੰਧ ਦੇ ਮੂਲ ਤੱਤ, ਟਵੰਟੀ ਫਰਸਟ ਸੈਂਚੂਰੀ, ਪਟਿਆਲਾ।
2. ਨੰਦਰਾਂ ਇੰਦਰਦੇਵ : ਸਿੱਖਿਆ ਤਕਨੀਕੀ, ਟਵੰਟੀ ਫਰਸਟ ਸੈਂਚੂਰੀ, ਪਟਿਆਲਾ।
3. Aggarwal, J.C. (1996), Principles, Methods and Techniques of Teaching.
4. Aggarwal, Rashmi (2009), Educational Technology.
5. Bhushan, A. and Ahuja, M. (1992), Educational Technology.
6. Mohanty, J. (1992), Educational Technology.
7. Sachdwa, M.S. (2008), Essentials of Educational Technology.
8. Singh, L.C. (2005), Microteaching.
9. Sharma, R.A. (1980), Technology of Teaching.

ਪਾਠ ਨੰ: 2.5

## ਪਾਠ ਯੋਜਨਾ

2.5.1 ਪਾਠ ਦੀ ਬਣਤਰ
2.5.1 ਉਦੇਸ਼
2.5.2 ਜਾਣ ਪਛਾਣ
2.5.3 ਪਾਠ ਯੋਜਨਾ ਦੇ ਉਦੇਸ਼
2.5.4 ਪਾਠ ਯੋਜਨਾ ਦਾ ਮਹੱਤਵ
2.5.5 ਪਾਠ ਯੋਜਨਾ ਦੀ ਤਿਆਰੀ
2.5.6 ਪਾਾਠ ਯੋਜਨਾ ਦਾ ਨਮੂਨਾ
2.5.7 ਸਾਰ
2.5.8 ਅਭਿਆਸ ਲਈ ਪ੍ਰਸ਼ਨ

**2.5.1 ਉਦੇਸ਼:** ਇਸ ਪਾਠ ਨੂੰ ਪੜ੍ਹਨ ਤੋ ਬਾਅਦ ਵਿਦਿਆਰਥੀ ਇਹ ਜਾਣ ਸਕਣਗੇ ਕਿ:

1) ਪਾਠ ਯੋਜਨਾ ਕੀ ਹੈ।
2) ਪਾਠ ਯੋਜਨਾ ਦੇ ਕੀ ਉਦੇਸ਼ ਹਨ।
3) ਪਾਠ ਯੋਜਨਾ ਦਾ ਕੀ ਮਹੱਤਵ ਹੈ।
4) ਪਾਠ ਯੋਜਨਾ ਦੀ ਤਿਆਰੀ ਕਿਵੇਂ ਕੀਤੀ ਜਾਂਦੀ ਹੈ।

**2.5.2 ਜਾਣ-ਪਛਾਣ:**

ਸਿੱਖਣ ਸਮੱਗਰੀ ਦੀ ਇੱਕ ਇਕਾਈ ਪਾਠ ਹੁੰਦੀ ਹੈ। ਉਸ ਪਾਠ ਦੇ ਅਧਿਆਪਨ ਲਈ ਤਿਆਰ ਕੀਤੀ ਗਈ ਵਿਉਂਤ, ਸਕੀਮ ਜਾਂ ਰੂਪ-ਰੇਖਾ ਨੂੰ ਉਸ ਦੀ ਪਾਠ-ਯੋਜਨਾ ਆਖਿਆ ਜਾਂਦਾ ਹੈ। ਵਿਦਿਆਰਥੀ ਅਧਿਆਪਕਾਂ ਦੇ ਅਧਿਆਪਨ ਅਭਿਆਸ ਦੌਰਾਨ ਪਾਠ-ਯੋਜਨਾ ਦਾ ਬੜਾ ਮਹੱਤਵ ਹੈ ਪਰ ਆਮ ਕਰਕੇ ਦੇਖਣ ਵਿਚ ਆਇਆ ਹੈ ਕਿ ਵਿਦਿਆਰਥੀ ਅਧਿਆਪਕ ਇਸ ਵੱਲ ਉਚੇਚਾ ਧਿਆਨ ਨਹੀਂ ਦਿੰਦੇ। ਇਸ ਨੂੰ ਇਕ ਰਸਮੀ ਜਿਹਾ ਕਾਰਜ ਸਮਝ ਕੇ ਵਕਤ ਟਪਾਉਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਅਧਿਆਪਕਾਂ ਨੂੰ ਅਜਿਹੀ ਲਾਪਰਵਾਹੀ ਤੋਂ ਬਚਣਾ ਚਾਹੀਦਾ ਹੈ। ਪਾਠ ਯੋਜਨਾ ਦੀ ਤਿਆਰੀ ਅਤੇ ਅਮਲ ਉਪਰ ਵਧੇਰੇ ਬਲ ਦੇਣਾ ਚਾਹੀਦਾ ਹੈ ਕਿਉਂਕਿ ਇਹ ਪਾਠ ਯੋਜਨਾ ਹੀ ਸੰਬੰਧਤ ਪਾਠ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਅਧਿਆਪਕ ਦੀ ਸਫਲਤਾ ਜਾਂ ਅਸਫ਼ਲਤਾ ਇਸ ਉੱਪਰ ਹੀ ਨਿਰਭਰ ਕਰਦੀ ਹੈ।

ਵਿਦਿਆਰਥੀ ਅਧਿਆਪਕ ਜਦੋਂ ਸਕੂਲਾਂ ਵਿਚ ਅਧਿਆਪਨ ਅਭਿਆਸ ਲਈ ਜਾਂਦੇ ਹਨ ਤਾਂ ਉਹਨਾਂ ਨੂੰ ਕਈ ਤਰ੍ਹਾਂ ਦੀਆਂ ਹਾਲਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਕੂਲਾਂ ਦੇ ਪ੍ਰਬੰਧਕਾਂ ਜਾਂ ਮੁੱਖੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਸਿੱਧਾ ਸੰਪਰਕ ਬਣਦਾ ਹੈ। ਇਹਨਾਂ ਸਾਰਿਆਂ ਦਾ ਸਹਿਯੋਗ ਹੀ ਇਸ ਕਾਰਜ ਦੀ ਸਫਲਤਾ ਨਿਸ਼ਚਿਤ ਕਰਦਾ ਹੈ। ਸਕੂਲਾਂ ਦੇ ਮੁਖੀ ਅਕਸਰ ਵਿਦਿਆਰਥੀ ਅਧਿਆਪਕਾਂ ਨੂੰ ਬਿਨਾਂ ਬੁਲਾਏ ਮਹਿਮਾਨ ਸਮਝਦੇ ਹਨ। ਇਸ ਸਥਿਤੀ ਵਿਚ ਵਿਦਿਆਰਥੀ ਅਧਿਆਪਕਾਂ ਦਾ ਫਰਜ਼ ਬਣਦਾ ਹੈ ਕਿ ਉਹ ਸਕੂਲਾਂ ਦੇ ਮੁੱਖੀਆਂ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਪ੍ਰਤੀ ਬੜੀ ਜ਼ਿੰਮੇਵਾਰੀ ਵਾਲਾ ਵਤੀਰਾ, ਅਪਣਾਵੇ ਅਤੇ ਪੜ੍ਹਾਏ ਜਾਣ ਵਾਲੇ ਪਾਠਾਂ ਉਪਰ ਪੂਰੀ ਮਿਹਨਤ ਕਰੇ।

ਪਾਠ ਯੋਜਨਾ ਦਾ ਸਰੂਪ, ਪੜ੍ਹਾਏ ਜਾਣ ਵਾਲੇ ਪਾਠਾਂ ਦੀ ਵੰਨਗੀ, ਉਸ ਦੇ ਔਖਿਆਈ ਦੇ ਪੱਧਰ ਤੇ ਪਾਠ ਦੀ ਲੰਬਾਈ ਉਪਰ ਨਿਰਭਰ ਕਰਦਾ ਹੈ। ਦਰਅਸਲ ਪਾਠ ਯੋਜਨਾ ਅਧਿਆਪਕ ਵੱਲੋਂ ਸਿੱਖਿਆ

ਦੇ ਸਿਧਾਂਤਾਂ ਵਿਸ਼ਾ ਵਸਤੂ ਵਿਧੀਆਂ ਅਤੇ ਹੋਰਨਾਂ ਜੁਗਤਾਂ ਨੂੰ ਅਧਿਆਪਨ ਸਮੇਂ ਅਮਲ ਵਿਚ ਲਿਆਉਣ ਲਈ ਤਿਆਰ ਕੀਤਾ ਜਾਂਦਾ ਬਿਊਰਾ ਹੈ। ਇਹ ਇਕ ਅਜਿਹਾ ਸਾਧਨ ਹੈ ਜਿਸਦਾ ਅਸਰ ਇੱਕੋ ਸਮੇਂ ਦੋ ਵਰਗਾਂ ਉਪਰ ਪੈਂਦਾ ਹੈ। ਅਧਿਆਪਕ ਆਪਣੇ ਕਾਰਜ ਵਿਚ ਕੁਸ਼ਲਤਾ ਹਾਸਲ ਕਰਦਾ ਹੈ ਤੇ ਵਿਦਿਆਰਥੀ ਆਪਣੇ ਪਾਠ ਨੂੰ ਪ੍ਰਣਾਲੀ ਬੱਧ ਤਰੀਕੇ ਨਾਲ ਗ੍ਰਹਿਣ ਕਰਦੇ ਹਨ। ਇਸ ਗੱਲ ਤੋਂ ਇਨਕਾਰ ਕੀਤਾ ਜਾ ਸਕਦਾ ਕਿ ਪਾਠ ਪੜ੍ਹਾਉਣ ਸਮੇਂ ਕਿਸੇ ਵੀ ਅਧਿਆਪਕ ਦੇ ਮਨ ਵਿਚ ਆਪਣਾ ਪਾਠ ਦਾ ਖਾਕਾ ਹੁੰਦਾ ਹੈ। ਪਰ ਫਿਰ ਵੀ ਜੇ ਆਰੰਭਕ ਪੜਾਅ ਉਪਰ ਇਸ ਖਾਕੇ ਨੂੰ ਲਿਖਤੀ ਜ਼ਾਮਾ ਪੁਆ ਦਿੱਤਾ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ। ਅਜਿਹਾ ਕੰਮ ਕਰਨ ਲਈ ਤੇ ਉਚਿਤ ਪਾਠ ਯੋਜਨਾ ਦੀ ਤਿਆਰੀ ਲਈ ਅਧਿਆਪਕ ਨੂੰ ਨਿਮਨ ਪੜਾਵਾਂ ਵਿਚੋਂ ਦੀ ਲੰਘਣਾ ਚਾਹੀਦਾ ਹੈ।

**2.5.3 ਪਾਠ ਯੋਜਨਾ ਦੇ ਉਦੇਸ਼: ਪੰਜਾਬੀ ਵਿਸ਼ੇ ਵਿਚ ਪਾਠ ਯੋਜਨਾ ਦੇ ਹੇਠ ਲਿਖੇ ਉਦੇਸ਼ ਹਨ:**

1. ਪਾਠ ਯੋਜਨਾਂ ਨਾਲ ਅਧਿਆਪਕ ਨੂੰ ਇਹ ਪਤਾ ਲੱਗ ਜਾਦਾ ਹੈ ਕਿ ਉਸ ਨੇ ਕੀ ਪੜ੍ਹਾਉਣਾ ਹੈ ਅਤੇ ਕਿਵੇਂ ਪੜ੍ਹਾਉਣਾ ਹੈ।
2. ਪਾਠ ਯੋਜਨਾਂ ਨਾਲ ਅਧਿਆਪਕ ਨੂੰ ਸਮੇ ਦਾ ਅੰਦਾਜਾਂ ਹੋ ਜਾਂਦਾ ਹੈ। ਅਧਿਆਪਕ ਵੱਖਰੀਆਂ ਵੱਖਰੀਆਂ ਗਤੀ ਵਿਧੀਆਂ ਨੂੰ ਸਮਾਂ ਬੰਦ ਕਰ ਸਕਦਾ ਹੈ।
3. ਪਾਠ ਯੋਜਨਾ ਦਾ ਸਭ ਤੋ ਮੁੱਖ ਉਦੇਸ਼ ਹੈ ਵਿਸ਼ਾ ਵਸਤੂ ਦੀ ਚੰਗੀ ਤਰਤੀਬ। ਯੋਜਨਾ ਦੌਰਾਨ ਅਧਿਆਪਨ ਗਤੀ ਵਿਧੀਆਂ ਨੂੰ ਤਰਤੀਬ ਸਹੀ ਤਰੀਕੇ ਨਾਲ ਦਿੱਤੀ ਜਾ ਸਕਦੀ ਹੈ।
4. ਪਾਠ ਯੋਜਨਾ ਦੁਆਰਾ ਵਿਦਿਆਰਥੀ ਦੇ ਪੂਰਵ ਗਿਆਨ ਦੇ ਅੰਦਾਜੇ ਲਈ ਵੀ ਸਥਾਨ ਬਣਾਇਆ ਜਾਂਦਾ ਹੈ।
5. ਪਾਠ ਯੋਜਨਾ ਨਾਲ ਅਧਿਆਪਨ ਹੋਰ ਵੀ ਜ਼ਿਆਦਾ ਪ੍ਰਭਾਵਾਸ਼ਾਲੀ ਹੋ ਜਾਂਦਾ ਹੈ। ਇਸ ਤਰ੍ਹਾਂ ਪਾਠ ਯੋਜਨਾ ਦਾ ਉਦੇਸ਼ ਪ੍ਰਭਾਵ ਨੂੰ ਵਧਾਉਣਾ ਹੈ।
6. ਪਾਠ ਯੋਜਨਾ ਦੌਰਾਨ ਅਧਿਆਪਕ ਨੂੰ ਪੜ੍ਹਾਉਣ ਦੇ ਨਿਯਮਾਂ ਨਾਲ ਜਾਣੂ ਕਰਵਾਉਣਾ ਵੀ ਪਾਠ ਯੋਜਨਾ ਦਾ ਇਕ ਉਦੇਸ਼ ਹੈ।
7. ਪਾਠ ਯੋਜਨਾ ਰਾਹੀ ਅਧਿਆਪਕ ਆਪਣਾ ਵਿਖਰਿਆ ਹੋਇਆ ਵਿਸ਼ਾ ਵਸਤੂ ਇਕੱਠਾ ਕਰਕੇ ਇਕ ਸੁਯੁੰਕਤ ਰੂਪ ਵਿਚ ਪੇਸ਼ ਕਰਦਾ ਹੈ।
8. ਇਸ ਦਾ ਉਦੇਸ਼ ਸਮੇ ਦੀ ਬੱਚਤ ਕਰਨਾ ਵੀ ਹੈ। ਪਾਠ ਯੋਜਨਾ ਨਾਲ ਜਮਾਤ ਵਿਚ ਸਮੇ ਦੀ ਉਚਿੱਤ ਵਰਤੋ ਕੀਤੀ ਜਾ ਸਕਦੀ ਹੈ।
9. ਰਿਕਾਰਡ ਰੱਖਣਾ ਵੀ ਪਾਠ ਯੋਜਨਾ ਦਾ ਇਕ ਉਦੇਸ਼ ਹੈ। ਪਾਠ ਯੋਜਨਾ ਅਨੁਸਾਰ ਤਿਆਰ ਕਿਤੇ ਪਾਠਾਂ ਨੂੰ ਸੰਭਾਲ ਕੇ ਰਿਕਾਰਡ ਦੇ ਤੌਰ ਤੇ ਰੱਖਿਆ ਜਾ ਸਕਦਾ ਹੈ।

2.5. ਪਾਠ ਯੋਜਨਾ ਦਾ ਉਦੇਸ਼ ਟਰੇਨਿੰਗ ਵੀ ਹੈ। ਵਿਦਿਆਰਥੀ ਅਧਿਆਪਕ ਨੂੰ ਪਾਠ ਪੜ੍ਹਾਉਣ ਦੀ ਟਰੇਨਿੰਗ ਦੇਣ ਵਿਚ ਪਾਠ ਯੋਜਨ ਅਹਿਮ ਰੋਲ ਅਦਾ ਕਰਦਾ ਹੈ।

11. ਪਾਠ ਅਧਿਆਪਨ ਦਾ ਮੁਲਾਂਕਣ ਕਰਨ ਵਿਚ ਵੀ ਪਾਠ ਯੋਜਨਾ ਅਹਿਮ ਰੋਲ ਅਦਾ ਕਰਦੀ ਹੈ।
12. ਪਾਠ ਯੋਜਨਾ ਦਾ ਉਦੇਸ਼ ਅਧਿਆਪਕ ਦੀ ਕਨਫਿਊਜ਼ਨ ਨੂੰ ਦੂਰ ਕਰਕੇ ਉਤਸ਼ਾਹਿਤ ਕਰਨ ਹੈ।

**2.5.4 ਪਾਠ ਯੋਜਨਾ ਦਾ ਮਹੱਤਵ:** ਪਾਠ ਯੋਜਨਾਂ ਸਮੇਂ ਸਿਰ ਕੀਤੇ ਜਾਣ ਵਾਲੇ ਕੰਮਾ ਦੀ ਰੂਪ ਰੇਖਾ ਦਰਸਾਉਦੀ ਹੈ। ਪਾਠ ਯੋਜਨਾ ਵਿਦਿਆਰਥੀਆਂ ਅਤੇ ਅਧਿਆਪਕ ਦੀ ਲੋੜਾਂ ਦੇ ਨਾਲ ਨਾਲ ਪਾਠਕ੍ਰਮ ਤੇ ਅਧਾਰਿਤ ਹੁੰਦੀ ਹੈ। ਪਾਠ ਯੋਜਨਾ ਦਾ ਮਹੱਤਵ ਹੇਠ ਦਿੱਤੇ ਅਨੁਸਾਰ ਹੈ:

ੳ) **ਪੜ੍ਹਾਉਣ ਸਮੱਗਰੀ ਦਾ ਪ੍ਰਬੰਧ:-** ਪੜ੍ਹਾਉਣ ਸਮੇ ਅਧਿਆਪਕ ਨੂੰ ਉਚਿਤ ਸਮੱਗਰੀ ਦੀ ਲੋੜ ਹੁੰਦੀ ਹੈ। ਪਾਠ ਪੁਸਤਕ ਵਿਚ ਮਿਲੇ ਵਿਸ਼ਾ ਵਸਤੂ ਨੂੰ ਪ੍ਰਬੰਧ ਕਰਨ ਵਿਚ ਪਾਠ ਯੋਜਨਾ ਮਹੱਤਵਪੂਰਨ

ਭੂਮਿਕਾ ਨਿਭਾਉਦੀ ਹੈ।

ਅ) **ਪੜ੍ਹਾਉਣ ਵਿਧੀਆਂ ਦੀ ਚੋਣ**:- ਪਾਠ ਯੋਜਨਾ ਵਿਸ਼ਾ ਵਸਤੂ ਅਨੁਸਾਰ ਉਚਿੱਤ ਅਧਿਆਪਣ ਵਿਧੀਆਂ ਦੀ ਚੋਣ ਕਰਨ ਵਿਚ ਸਹਇਕ ਹੁੰਦੀ ਹੈ। ਪਾਠ ਯੋਜਨਾ ਵਿਚ ਅਧਿਆਪਣ ਵਿਧੀ ਪਹਿਲਾ ਹੀ ਨਿਸਚਿਤ ਕੀਤੀ ਜਾਂਦੀ ਹੈ ਜਿਸ ਵਿਚ ਕਲਾਸ ਵਿਚ ਜਾ ਕੇ ਅਧਿਆਪਕ ਨੂੰ ਕੋਈ ਸਮੱਸਿਆ ਨਾ ਆਵੇ।

ੲ) **ਸਮੇ ਦੀ ਬੱਚਤ**:- ਪਾਠ ਯੋਜਨਾ ਵਿਦਿਆਰਥੀ ਅਤੇ ਅਧਿਆਪਕ ਦੋਵਾਂ ਦੇ ਸਮੇ ਦੀ ਬੱਚਤ ਕਰਦੀ ਹੈ ਕਿਉਂਕਿ ਪਾਠ ਯੋਜਨਾ ਵਿਚ ਵਿਸ਼ਾ ਵਸਤੂ ਦੀ ਤਰਤੀਬ, ਦ੍ਰਿਸ਼ਟੀ ਸ੍ਰੋਤ ਅਤੇ ਪੁਸਤਕਾਂ ਦੀ ਵਰਤੋਂ ਯੋਜਨਾ ਬੱਧ ਹੁੰਦੀ ਹੈ। ਇਸ ਨਾਲ ਕਾਫੀ ਸਮਾਂ ਬੱਚ ਜਾਂਦਾ ਹੈ।

ਸ) **ਆਤਮ ਵਿਸ਼ਵਾਸ਼ ਵਿਚ ਵਾਧਾ**:- ਅਧਿਆਪਕ ਜਿਨ੍ਹਾ ਪੜਾਉਣ ਲਈ ਤਿਆਰ ਹੁੰਦਾ ਹੈ, ਉਨ੍ਹਾਂ ਹੀ ਉਸਦਾ ਆਤਮ ਵਿਸ਼ਵਾਸ ਜਿਆਦਾ ਹੁੰਦਾ ਹੈ। ਇਸ ਤਰ੍ਹਾਂ ਪਾਠ ਯੋਜਨਾ ਵਿਦਿਆਰਥੀ ਅਧਿਆਪਕ ਵਿਚ ਆਤਮ ਵਿਸ਼ਵਾਸ਼ ਵਿਚ ਵਾਧਾ ਕਰਦੀ ਹੈ।

ਹ) **ਉਦੇਸ਼ਾ ਦੀ ਸਪੱਸਟ**:- ਪਾਠ ਯੋਜਨਾ ਵੇਲੇ ਅਧਿਆਪਕ ਨੂੰ ਪਾਠ ਦੇ ਆਮ ਅਤੇ ਖਾਸ ਦੋਨੇ ਤਰ੍ਹਾਂ ਦੇ ਉਦੇਸ਼ ਸਮੱਸ਼ਅ ਹੋ ਜਾਂਦੇ ਹਨ। ਉਦੇਸ਼ਾਂ ਦੀ ਸਪੱਸਟਾ ਹੋਣ ਕਾਰਨ ਅਧਿਆਪਣ ਹੋਰ ਜਾਂਦਾ ਪ੍ਰਭਾਵਸ਼ਾਲੀ ਬਣ ਜਾਂਦਾ ਹੈ ਅਤੇ ਮੁਲਾਕਣ ਕਰਨ ਵਿਚ ਅਸਾਨੀ ਹੋ ਜਾਂਦੀ ਹੈ।

ਕ) **ਮੁਲਾਂਕਣ ਵਿਚ ਅਸਾਨੀ**:- ਪਾਠ ਪੜ੍ਹਾਉਣ ਤੋ ਬਾਅਦ ਉਸ ਦਾ ਮੁਲਾਂਕਣ ਕਰਨਾ ਵੀ ਜਰੂਰੀ ਹੈ। ਇਕ ਸਹੀ ਯੋਜਨਾ ਨਾਲ ਪੜ੍ਹਾਉਣ ਤੋ ਬਾਅਦ ਅਧਿਆਪਕ ਆਪਣੇ ਪੜ੍ਹਾਉਣ ਅਤੇ ਵਿਦਿਆਰਥੀਆਂ ਦੇ ਸਿੱਖਣ ਦਾ ਮੁਲਾਂਕਣ ਅਸਾਨੀ ਨਾਲ ਕਰ ਸਕਦਾ ਹੈ। ਅਧਿਆਪਕ ਨੂੰ ਇਹ ਅੰਦਾਜਾਂ ਹੋ ਜਾਂਦ ਹੈ ਕਿ ਉਹ ਕਿਥੇ ਤੱਕ ਸਫਲ ਹੋਇਆ ਹੈ ਅਤੇ ਹੋਰ ਵੀ ਸੁਧਾਰ ਕੀਤੇ ਜਾ ਸਕਦੇ ਹਨ।

ਖ) **ਦ੍ਰਿਸ਼ਟੀ ਅਤੇ ਸੁਣਨ ਸਾਧਨਾ ਦੀ ਉਚਿੱਤ ਵਰਤੋ**: ਪਾਠ ਯੋਜੜਾ ਅਧੀਨ ਅਧਿਆਪਕ ਦੁਆਰਾ ਵਰਤੇ ਜਾਣ ਵਾਲੇ ਦ੍ਰਿਸ਼ਟੀ ਅਤੇ ਸ੍ਰਵਣ ਸਹਾਇਕ ਸਾਧਨਾਂ ਦੀ ਵਰਤੋ ਕੀਤੀ ਜਾਣੀ ਚਾਹੀਦੀ ਹੈ ਅਤੇ ਕਿਸ ਕਿੱਥੇ ਪ੍ਰਕਾਰ ਕੀਤੀ ਜਾਣੀ ਚਾਹੀਦੀ ਹੈ ਦਾ ਪਤਾ ਲੱਗਾ ਹੈ। ਇਸ ਤਰ੍ਹਾਂ ਯੋਜਨਾ ਨਾਲ ਸਹਾਇਕ ਸਾਧਨਾਂ ਦੀ ਵਰਤੋ ਉਚਿਤ ਤਰੀਕੇ ਨਾਲ ਕੀਤੀ ਜਾ ਸਕਦੀ ਹੈ।

ਗ) **ਨਵੇ ਅਧਿਆਪਕਾਂ ਲਈ ਫਾਇਦੇ ਮੰਦ**- ਨਵੇ ਅਧਿਆਪਕਾਂ ਅਤੇ ਟਰੇਨਿੰਗ ਲੈ ਰਹੇ ਅਧਿਆਪਕਾਂ ਲਈ ਪਾਠ ਯੋਜਨਾ ਨਾਲ ਅਧਿਆਪਣ ਪ੍ਰੀਕ੍ਰਿਆ ਸੋਥੀ ਅਤੇ ਸਹੀ ਹੁੰਦੀ ਹੈ। ਟਰੇਨਿੰਗ ਲੈ ਰਹੇ ਅਧਿਆਪਕ ਪਾਠ ਯੋਜਨਾ ਅਨੁਸਾਰ ਪੜ੍ਹਾ ਕੇ ਸਮਾਂ ਅਤੇ ਸ਼ਕਤੀ ਦੀ ਬੱਚਤ ਕਰ ਸਕਦੇ ਹਨ।

2.5.5 **ਪਾਠ ਯੋਜਨਾ ਦੀ ਤਿਆਰੀ**:-

**ਚੋਣ** : ਪੜ੍ਹਾਏ ਜਾਣ ਵਾਲੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ, ਰੁਚੀਆਂ, ਲੋੜਾਂ, ਉਪਰ ਗਰੁੱਪ ਅਤੇ ਸ਼੍ਰੇਣੀ ਨੂੰ ਧਿਆਨ ਵਿਚ ਰੱਖ ਕੇ ਪਾਠ ਦੀ ਚੋਣ ਕਰਨੀ ਚਾਹੀਦੀ ਹੈ। ਇਸ ਪੜਾ ਤੇ ਪਾਠ ਤੇ ਨਿਸ਼ਚਿਤ ਮੰਤਵਾਂ ਢੁਕਵੀਆਂ ਵਿਧੀਆਂ ਤੇ ਕਿਰਿਆਵਾਂ ਦੀ ਚੋਣ ਬਾਰੇ ਫੈਸਲਾ ਲਿਆ ਜਾਂਦਾ ਹੈ ਕਿ ਕਿਹੜੀ ਕਿਰਿਆ ਕਰਨੀ ਹੈ? ਕਿਵੇਂ ਕਰਨੀ ਹੈ? ਕਿਹੜੀਆਂ ਬੇਲੋੜੀਆਂ ਕਿਰਿਆਵਾਂ ਤੋਂ ਬਚ ਕੇ ਰਹਿਣਾ ਹੈ?

**ਵਿਚਾਰ** : ਕੋਈ ਵਿਦਿਆਰਥੀ ਅਧਿਆਪਕ ਪਾਠ ਯੋਜਨਾ ਦਾ ਤਿਆਰੀ ਸਮੇਂ ਉਸ ਉਪਰ ਕਿੰਨਾ ਕੁ ਵਿਚਾਰ ਕਰਦਾ ਹੈ? ਤੇ ਕੀ ਨਿਰਣਾ ਲੈਣਾ ਹੈ। ਕਿਹੋ ਜਿਹੀ ਯੋਜਨਾ ਉਲੀਕਦਾ ਹੈ? ਅਜਿਹੇ ਪ੍ਰਸ਼ਨ ਅਧਿਆਪਕ ਨੂੰ ਦੁਚਿੱਤੀਆਂ ਤੋਂ ਦੂਰ ਰਖਦੇ ਹਨ।

**ਤਿਆਰੀ** : ਆਮ ਕਰਕੇ ਵਿਦਿਅਕ ਕਾਲਜਾਂ ਵਿਚ ਹਰਬਰਟ ਦੀ ਪਾਠ ਯੋਜਨਾਂ-ਪ੍ਰਣਾਲੀ ਨੂੰ ਹੀ ਅਮਲ ਵਿਚ ਲਿਆਂਦਾ ਜਾਂਦਾ ਹੈ। ਇਹ ਪ੍ਰਣਾਲੀ ਮਨੋਵਿਗਿਆਨਕ ਸਿਧਾਂਤਾਂ ਉਪਰ ਆਧਾਰਤ ਹੈ ਅਤੇ ਕਾਫੀ ਲਾਹੇਵੰਦ ਮੰਨੀ ਗਈ ਹੈ। ਫਿਰ ਵੀ ਵੱਖ-ਵੱਖ ਵਿਸ਼ਿਆਂ ਦੀ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਇਸ ਵਿਚ ਕੁਝ ਕੁ ਤਬਦੀਲੀਆਂ ਆਮ ਤੌਰ ਤੇ ਦੇਖਣ ਨੂੰ ਮਿਲਦੀਆਂ ਹਨ ਪਰ ਮੂਲ ਢਾਂਚਾ ਹਰਬਰਟ ਪ੍ਰਣਾਲੀ ਵਾਲਾ ਹੀ ਰਹਿੰਦਾ ਹੈ। ਹਰਬਰਟ ਪ੍ਰਣਾਲੀ ਬਾਰੇ ਕੁਝ ਨੁਕਤੇ :

(1) ਪਾਠ ਸੰਬੰਧੀ ਜਾਣਕਾਰੀ : ਪਾਠ ਯੋਜਨਾ ਦੇ ਉਪਰ ਵਿਦਿਆਰਥੀ ਅਧਿਆਪਕ ਦਾ ਰੋਲ ਨੰਬਰ,

ਜਮਾਤ, ਵਿਸ਼ਾ, ਉਪ ਵਿਸ਼ਾ, ਸਮਾਂ ਤੇ ਮਿਤੀ ਦਾ ਵੇਰਵਾ ਸਾਥੀਆਂ ਤੇ ਨਿਗਰਾਨ ਅਧਿਆਪਕ ਲਈ ਅੰਕਤ ਕੀਤਾ ਜਾਂਦਾ ਹੈ।

(2) ਸਹਾਇਕ ਸਮੱਗਰੀ : ਪਾਠ ਦੇ ਅਧਿਆਪਨ ਸਮੇਂ ਵਰਤੀ ਜਾਣ ਵਾਲੀ ਅਜਿਹੀ ਸਮੱਗਰੀ ਦੀ ਸੂਚੀ ਪਾਠ ਯੋਜਨਾ ਦੇ ਆਰੰਭ ਵਿਚ ਇਸ ਲਈ ਅੰਕਤ ਕੀਤੀ ਜਾਂਦੀ ਹੈ ਤਾਂ ਕਿ ਅਧਿਆਪਕ ਪਾਠ ਦੀ ਤਿਆਰੀ ਸਮੇਂ ਸਾਵਧਾਨ ਰਹੇ ਕਿ ਇਸ ਨੇ ਕਿਹੜੇ ਸਾਧਨਾਂ ਤੇ ਸਮੱਗਰੀ ਦੀ ਵਰਤੋਂ ਕਰਨੀ ਹੈ ਤੇ ਕਦੋਂ ਕਰਨੀ ਹੈ।

(3) ਉਦੇਸ਼ ਤੇ ਮੰਤਵ : ਆਮ ਕਰਕੇ ਪਾਠ ਯੋਜਨਾਂ ਦੇ ਇਸ ਪੜਾਅ ਦੇ ਦੋ ਹਿੱਸੇ ਕਰ ਲਏ ਜਾਂਦੇ ਹਨ। ''ਸਾਧਾਰਨ ਉਦੇਸ਼'' ਸਿਰਲੇਖ ਹੇਠ ਵਿਸ਼ੇ ਦੀ ਸਿੱਖਿਆ ਦੇ ਉਹਨਾਂ ਉਦੇਸ਼ਾਂ ਵੱਲ ਸੰਕੇਤ ਕੀਤਾ ਜਾਂਦਾ ਹੈ ਜਿਹਨਾਂ ਦੀ ਪੂਰਤੀ ਲਈ ਹਥਲਾ ਪਾਠ ਪੜ੍ਹਾਇਆ ਜਾਣਾ ਹੈ। 'ਵਿਸ਼ੇਸ਼ ਮੰਤਵ' ਪਾਠ ਤੇ ਉਹ ਤਤਕਾਲੀਨ ਟੀਚੇ ਹੁੰਦੇ ਹਨ ਜਿਨ੍ਹਾਂ ਦੀ ਪੂਰਤੀ ਪਾਠ ਦੇ ਅਧਿਆਪਨ ਦੌਰਾਨ ਕਰਨੀ ਲਾਜ਼ਮੀ ਹੁੰਦੀ ਹੈ। ਇਹਨਾਂ ਨੂੰ ਵਿਦਿਆਰਥੀ ਦੇ ਵਤੀਰੇ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੇ ਦ੍ਰਿਸ਼ਟੀਕੋਣ ਤੋਂ ਅੰਕਤ ਕੀਤਾ ਜਾਂਦਾ ਹੈ ਇਹਨਾਂ ਨੂੰ ਲਿਖਣ ਸਮੇਂ ਅਧਿਆਪਕ ਨੂੰ ਵਿਸ਼ੇਸ਼ ਤੌਰ ਤੇ ਸਾਵਧਾਨ ਰਹਿਣ ਦੀ ਲੋੜ ਹੈ ਤਾਂ ਕਿ ਉਹ ਬੇਲੋੜੇ ਤੇ ਅਜਿਹੇ ਮੰਤਵ ਇਥੇ ਅੰਕਤ ਨਾ ਕਰੇ ਜਿਹਨਾਂ ਦੀ ਪੂਰਤੀ ਪਾਠ ਦੇ ਅਮਲ ਦੌਰਾਨ ਸੰਭਵ ਨਹੀਂ ਹੋ ਸਕਦੀ।

(4) ਪੂਰਵ ਗਿਆਨ ਦੀ ਪਰਖ : ਪੂਰਵ ਗਿਆਨ ਦੀ ਪਰਖ ਦੇ ਪੜਾਅ ਤੇ ਵਿਦਿਆਰਥੀਆਂ ਤੋਂ ਪੁਛੇ ਜਾਣ ਵਾਲੇ ਪ੍ਰਸ਼ਨ ਸਰਲ, ਵਿਆਕਰਣ ਦੇ ਤੌਰ ਤੇ ਸ਼ੁੱਧ, ਪਾਠ ਨਾਲ ਸੰਬੰਧਤ ਤੇ ਵਿਦਿਆਰਥੀਆਂ ਨੂੰ ਚੇਤੰਲ ਕਰਨ ਲਈ ਉਕਸਾਉਣ ਵਾਲੇ ਹੋਣੇ ਚਾਹੀਦੇ ਹਨ।

(5) ਉਦੇਸ਼ ਕਥਨ : ਪਾਠ ਦੇ ਅਧਿਆਪਨ ਬਾਰੇ ਐਲਾਨ ਕਰਨ ਲਗਿਆਂ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਜਾਵੇ ਕਿ ਵਿਦਿਆਰਥੀ ਆਪਣੇ ਆਪ ਨੂੰ ਉਸ ਪਾਠ ਲਈ ਕੀਤੇ ਜਾਣ ਵਾਲੇ ਸਾਂਝੇ ਜਤਨਾਂ ਦਾ ਅਹਿਮ ਹਿੱਸਾ ਸਮਝਣ। ਇਸ ਪੜਾਅ ਉਤੇ ਉਹਨਾਂ ਦੇ ਮਨ ਵਿਚ ਅਜਿਹੀ ਕੋਈ ਗੱਲ ਨਹੀਂ ਆਉਣੀ ਚਾਹੀਦੀ ਕਿ ਉਹਨਾਂ ਨੂੰ ਜਾਪੇ ਕਿ ਅਧਿਆਪਕ ਨੇ ਹੀ ਸਭ ਕੁਝ ਕਰਨਾ ਹੈ ਤੇ ਉਹ ਤਾਂ ਕੇਵਲ/ਸਰੋਤੇ ਹਨ।

(6) ਪ੍ਰਸਤਾਵਨਾ : ਕਿਸੇ ਪਾਠ ਦਾ ਅਸਲ ਤੇ ਅਹਿਮ ਹਿੱਸਾ ਪ੍ਰਸਤਾਵਨਾ ਜਾਂ ਪਾਠ ਦਾ ਵਿਕਾਸ ਹੈ। ਇਹ ਅਜਿਹਾ ਪੜਾਅ ਹੈ ਜਿਸ ਤੇ ਅਧਿਆਪਕ, ਪਾਠ ਸਮੱਗਰੀ ਨੂੰ ਵਿਦਿਆਰਥੀਆਂ ਦੇ ਗ੍ਰਹਿਣ ਕਰਨ ਯੋਗ ਬਣਾਉਣ ਲਈ ਵੱਖ-ਵੱਖ ਵਿਧੀਆਂ ਕਿਰਿਆਵਾਂ ਅਤੇ ਸਾਧਨਾ ਤੇ ਸਮੱਗਰੀ ਦੀ ਵਰਤੋਂ ਕਰਦਾ ਹੈ। ਇਸ ਪੜਾਅ ਤੇ ਪਾਠ ਨੂੰ ਅੱਗੇ ਟੋਰਨ ਲਈ ਲੋੜ ਅਨੁਸਾਰ ਪ੍ਰਸ਼ਨ ਪੁੱਛੇ ਜੋਂਦ ਹਨ ਤੇ ਸ਼੍ਰੇਣੀ ਕਮਰੇ ਵਿਚ ਆਪਣੀ ਆਦਾਨ ਪ੍ਰਦਾਨ ਦਾ ਅਜਿਹਾ ਮਹੌਲ ਬਣ ਜਾਂਦਾ ਹੈ ਜਿਥੇ ਸਿਖਣ ਸਿਖਾਉਣ ਦੀ ਪਰਕਿਰਿਆ ਦੇ ਇਛਤ ਪ੍ਰਾਪਤ ਵਲ ਹੁੰਦੇ ਹਨ।

(7) ਸਧਾਰਨੀਕਰਨ : ਗ੍ਰਹਿਣ ਕੀਤੀ ਜਾਣ ਵਾਲੀ ਸਮੱਗਰੀ ਦਾ ਨਚੋੜ ਤੇ ਅਹਿਮ ਗੱਲਾਂ ਵਿਦਿਆਰਥੀਆਂ ਦੇ ਮਨ ਵਿਚ ਬੈਠ ਜਾਂਦੀਆਂ ਹਨ। ਸਿਖਾਂਦਰੂਆਂ ਦੇ ਸੁਭਾ ਦਾ ਹਿੱਸਾ ਬਣ ਜਾਂਦੀਆਂ ਹਨ।

(8) ਦੁਹਰਾਈ : ਦੁਹਰਾਈ ਅਧਿਆਪਨ ਕਾਰਜ ਉੱਪਰ ਪਾਈ ਗਈ ਪਿੱਛਲੀ ਝਾਤ ਹੈ ਜੋ ਅਧਿਆਪਨ ਨੂੰ ਉਸ ਦੀ ਸਫਲਤਾ ਜਾਂ ਅਸਫ਼ਲਤਾ ਦਾ ਸੰਕੇਤ ਦਿੰਦੀ ਹੈ।

ਪੰਜਾਬੀ ਭਾਸ਼ਾ ਅਧਿਆਪਕ ਨੇ ਮੁੱਖ ਰੂਪ ਵਿਚ ਆਪਣੇ ਪਾਠ ਦੀ ਪਾਠ ਯੋਜਨਾ ਤਿਆਰ ਕਰਨ ਸਮੇਂ ਮਨੁੱਖੀ ਸਖਸ਼ੀਅਤ ਦੇ ਤਿੰਨ ਮੁਖ ਪੱਖਾਂ ਵੱਲ ਧਿਆਨ ਦੇਣਾ ਹੁੰਦਾ ਹੈ – ਗਿਆਨ, ਪ੍ਰਸੰਸਾ, ਤੇ ਕੁਸ਼ਲਤਾ। ਇਹਨਾਂ ਤੋਂ ਇਲਾਵਾ ਵਿਦਿਆਰਥੀਆਂ ਨੂੰ ਭਾਸ਼ਾ ਦੀ ਦੀਆਂ ਵਿਭਿੰਲ ਯੋਗਤਾਵਾਂ ਵਿਚ ਵੀ ਨਿਪੁੰਨ ਬਣਾਉਣਾ ਹੁੰਦਾ ਹੈ।

**2.5.6 ਪਾਠ ਯੋਜਨਾ ਦਾ ਨਮੂਨਾ:–**

ਹੇਠਾਂ ਨਮੂਨੇ ਵਜੋਂ ਪੰਜਾਬੀ ਦੀਆਂ ਪਾਠ ਯੋਜਨਾਵਾਂ (ਕਵਿਤਾ ਦੇ ਵਿਆਕਰਨ) ਦਿੱਤੀਆਂ ਜਾਂਦੀਆਂ

ਹਨ। ਵਿਦਿਆਰਥੀ ਅਧਿਆਪਕ ਇਹਨਾਂ ਤੋਂ ਸੋਧ ਹਾਸਲ ਕਰ ਸਕਦੇ ਹਨ :-

**ਸਿਪਾਹੀ ਦਾ ਦਿਲ**

ਵਾਗਾਂ ਛੱਡ ਕੇ ਹੰਝੂਆਂ ਵਾਲੀਏ ਨੀ,
ਪੈਰ ਧਰਨ ਦੇ ਮੈਨੂੰ ਰਕਾਬ ਉਤੇ।
ਸਾਡੇ ਦੇਸ਼ ਤੇ ਬਣੀ ਹੈ ਭੀੜ ਭਾਰੀ,
ਟੁਟ ਪਏ ਨੇ ਵੈਰੀ ਪੰਜਾਬ ਉਤੇ,
ਰੋ ਰੋ ਕੇ ਪਾਣੀ ਨਾ ਫੇਰ ਐਵੇਂ,
ਮੇਰੇ ਸੋਹਣੇ ਪੰਜਾਬ ਦੀ ਆਬ ਉਤੇ,
ਸਰੂ ਵਰਗੀ ਜੁਆਨੀ ਮੈਂ ਫੂਕਣੀ ਏ,
ਬਹਿ ਗਏ ਭੂੰਡ ਜੇ ਆ ਕੇ ਗੁਲਾਬ ਉਤੇ ?
ਕਿਹੜੀ ਗੱਲੋਂ ਤੂੰ ਅੱਖਾਂ ਸੁਜਾਈਆਂ ਨੇ ?
ਲਾਂਘੇ ਪੰਜਾਂ ਦਰਿਆਵਾ ਦੇ ਸਨ ਥੋਹੜੇ
ਜੇ ਤੂੰ ਹੋਰ ਦੋ ਨਦੀਆਂ ਚੜ੍ਹਾਈਆਂ ਨੇ ?
ਫੂਹੀ ਫੂਹੀ ਨੂੰ ਸਹਿਕਦੇ ਵੀਰ ਮੇਰੇ,
ਕੀ ਕਰਾਂ ਮੈਂ ਦੁੱਧਾਂ ਛੁਹਾਰਿਆਂ ਨੂੰ।
ਸਾਥੀ ਤੜਫਦੇ ਪਏ ਨੇ ਖਾ ਅੰਦਰ,
ਪੱਛੀ ਲਾਵਾ ਮੈਂ ਮਹਿਲਾਂ ਚੁਬਾਰਿਆਂ ਨੂੰ।
ਜੀ ਵਾਜਿਆਂ ਆਣ ਘਨਘੋਰ ਪਾਈ,
ਲੱਗ ਰਿਹਾ ਏ ਡੱਗਾ ਨਗਾਰਿਆਂ ਨੂੰ।
ਮੇਰੇ ਘੋੜੇ ਵੀ ਚੁਕ ਲਏ ਕੰਨ ਦੋਵੇਂ,
ਦੇਖ ਇਹਦਿਆ ਖੁਰਾਂ ਫੁਕਾਰਿਆਂ ਨੂੰ।
ਡੋਲੇ ਫਰਕਦੇ ਪਏ ਨੇ ਅਜ ਮੇਰੇ,
ਜੋਸ਼ ਨਾਲ ਕੰਬਦੀ ਪਈ ਜਾਨ ਮੇਰੀ।
ਜੀਭਾਂ ਕੱਢਦੇ ਪਏ ਨੇ ਤੀਰ ਗਿਠ ਗਿਠ
ਪਈ ਆਕੜਾ ਭੰਨਦੀ ਕਮਾਨ ਮੇਰੀ।
ਵਿਚ ਰੰਗ ਦੇ ਮਸਤ ਮਲੰਗ ਹੋ ਕੇ,
ਲਾਈਆਂ ਤਾਰੀਆਂ ਅਸਾਂ ਝਨਾਂ ਅੰਦਰ।
ਵਿਚ ਜੰਗ ਦੇ ਤਲੀ ਤੇ ਪਈ ਜਾਨ ਧਰ ਕੇ,
ਲੜੀਏ ਅਸੀਂ ਤਲਵਾਰਾਂ ਦੀ ਛਾਂ ਅੰਦਰ।
ਵਿਚ ਰੰਗ ਦੇ ਛਿੰਝਾ ਤੇ ਘੋਲ ਪਾਈਏ,
ਢੋਲੇ ਗਾਵੀਏ ਹਲਾਂ ਦੇ ਗਾਹ ਅੰਦਰ।
ਵਿਚ ਜੰਗ ਦੇ ਖੂਨ ਦੀ ਲਾ ਮਹਿੰਦੀ,
ਪਈਏ ਬਾਂਹ ਤਲਵਾਰ ਦੀ ਬਾਂਹ ਅੰਦਰ।
ਅਸੀਂ ਪੰਜਾਂ ਦਰਿਆਵਾਂ ਦੇ ਸ਼ੇਰ ਦੂਲੇ,
ਦੋਹਾਂ ਦੇਵੀਆਂ ਨੂੰ ਨਿਮਸਕਾਰ ਸਾਡੀ।
ਵਿਚ ਰੰਗ ਦੇ ਦੇਵੀ ਹੈ ਨਾਰ ਸਾਡੀ,
ਵਿਚ ਜੰਗ ਦੇ ਦੇਵੀ ਕਟਾਰ ਸਾਡੀ।
ਵਿਚ ਜੰਗ ਦੇ ਭਾਵੇਂ ਮੈਂ ਚਲਿਆ ਹਾਂ,

ਤਾਂ ਵੀ ਰਖ ਸਾਂ ਤੇਰਾ ਖਿਆਲ ਪਿਆਰੀ।
ਬੁੰਦੇ ਸਮਝ ਕੇ ਤੇਰੇ ਮੈਂ ਛੱਰਿਆਂ ਨੂੰ,
ਲਾਂ ਸਾਂ ਘੁਟ ਕਲੇਜੇ ਦੇ ਨਾਲ ਪਿਆਰੀ।
ਧੂੰਆਂ ਵੇਖ ਕੇ ਤੋਪਾਂ ਚੋਂ ਪੇਚ ਖਾਦਾ,
ਤੇਰੇ ਸਮਝ ਸਾਂ ਘੁੰਗਰੇ ਵਾਲ ਪਿਆਰੀ,
ਤੇਰੇ ਪਲਕਾਂ ਦੀ ਯਾਦ ਵਿਚ ਤੀਰ ਖਾ ਸਾਂ,
ਹਾਥੀ ਦੇਖ ਚਿਤਾਰ ਸਾਂ ਚਾਲ ਪਿਆਰੀ।
ਜੇ ਮੈਂ ਜੀਊਂਦਾ ਜਾਗਦਾ ਪਰਤ ਆਇਆ,
'ਰੱਖ ਸਾਈਂ ਦੀ' ਮੈਨੂੰ ਬਲਾ ਛੱਡੀ।
ਨਹੀਂ ਤੇ ਪੁਤ ਜਦ ਮੇਰਾ ਜਵਾਨ ਹੋਇਆ,
ਤੇਗ ਉਸ ਨੂੰ ਮੇਰੀ ਫੜਾ ਛੱਡੀ।

| ਪਾਠ ਯੋਜਨਾ I | ਵਿਦਿਆਰਥੀ ਅਧਿਆਪਕ ਦਾ ਰੋਲ ਨੰ. | |
|---|---|---|
| | ਵਿਸ਼ਾ | ਪੰਜਾਬੀ |
| | ਉਪ ਵਿਸ਼ਾ | ਸਿਪਾਹੀ ਦਾ ਦਿਲ (ਕਵਿਤਾ) |
| | ਸਮਾਂ | 35 ਮਿੰਟ |
| | ਸ਼੍ਰੇਣੀ | ਅੱਠਵੀਂ |

ਵਿਸ਼ੇਸ਼ ਸਹਾਇਕ ਸਮੱਗਰੀ – ਬਲੈਕ ਬੋਰਡ, ਚਾਕ, ਸੰਕੇਤਕ, ਪੰਜਾਬ ਦਾ ਨਕਸ਼ਾ, ਲੜਾਹੀ ਦੇ ਦ੍ਰਿਸ਼ ਬਾਰੇ ਚਾਰਟ, ਸਿਪਾਹੀ ਨੂੰ ਰੋਕਦੀ ਉਸਦੀ ਪਤਨੀ ਬਾਰੇ ਚਾਰਟ ਆਦਿ।

ਸਾਧਾਰਨ ਉਦੇਸ਼

1. ਵਿਦਿਆਰਥੀਆਂ ਦੀ ਕਵਿਤਾ ਪ੍ਰਤੀ ਰੁਚੀ ਤੀਬਰ ਕਰਨੀ।
2. ਕਵਿਤਾ ਦਾ ਸ਼ੁੱਧ ਉਚਾਰਨ ਕਰਨ ਦਾ ਅਭਿਆਸ ਕਰਾਉਣਾ।
3. ਵਿਦਿਆਰਥੀਆਂ ਦੇ ਮਨਾਂ ਵਿਚ ਦੇਸ਼ ਪਿਆਰ ਦੀ ਭਾਵਨਾ ਤੀਬਰ ਕਰਨੀ।

ਵਿਸ਼ੇਸ਼ ਮੰਤਵ : ਵਿਦਿਆਰਥੀਆਂ ਨੂੰ ਇਸ ਸਥਿਤੀ ਵਿਚ ਲਿਆਉਣਾ ਕਿ ਉਹ

(1) 'ਸਿਪਾਹੀ ਦਾ ਦਿਲ' ਕਵਿਤਾ ਦੇ ਭਾਗ ਗ੍ਰਹਿਣ ਕਰ ਸਕਣ।
(2) ਕਵਿਤਾ ਵਿਚ ਵਰਤੇ ਗਏ ਸ਼ਬਦਾਂ ਮੁਹਾਵਰਿਆਂ ਆਦਿ ਨੂੰ ਪ੍ਰਸੰਗ ਅਨੁਸਾਰ ਸਮਝ ਸਕਣ।
(3) ਕਵਿਤਾ ਬਾਰੇ ਪੁੱਛੇ ਗਏ ਸਾਧਾਰਨ ਸੁਆਲਾਂ ਦਾ ਉਤਰ ਦੇ ਸਕਣ।

ਪੂਰਵ ਗਿਆਨ ਦੀ ਪਰਖ : ਵਿਦਿਆਰਥੀਆਂ ਨੂੰ ਕਵਿਤਾ ਦੇ ਪਾਠ ਲਈ ਤਿਆਰ ਕਰਨ ਲਈ ਨਿਯਮ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ :

(1) ਸਾਡੀ ਦੇਸ਼ ਦੀਆਂ ਹੱਦਾਂ ਦੀ ਰਾਖੀ ਕੌਣ ਕਰਦਾ ਹੈ ?
(2) ਸਿਪਾਹੀ ਦੇ ਦਿਲ ਵਿਚ ਆਪਣੇ ਦੇਸ਼ ਪ੍ਰਤੀ ਕਿਹੋ ਜਿਹੇ ਭਾਵ ਹੋਣੇ ਚਾਹੀਦੇ ਹਨ ?
(3) ਅਜਿਹੇ ਭਾਵਾਂ ਵਾਲੀ ਕਿਸੇ ਕਵਿਤਾ ਦਾ ਨਾਂ ਦੱਸੋ ?
(4) ਪੰਜਾਬੀ ਦੇ ਪੰਜ ਕਵੀਆਂ ਦੇ ਨਾਮ ਦੱਸੋ ?

ਉਦੇਸ਼ ਕਥਨ : ਅੱਜ ਅਸੀਂ ਪ੍ਰੋ. ਮੋਹਨ ਸਿੰਘ ਦੀ ਰਚੀ ਹੋਈ ਕਵਿਤਾ 'ਸਿਪਾਹੀ ਦਾ ਦਿਲ' ਦੇ ਭਾਵ ਗ੍ਰਹਿਣ ਕਰਾਂਗੇ। (ਪ੍ਰੋ. ਮੋਹਨ ਸਿੰਘ ਦੀ ਤਸਵੀਰ ਦਿਖਾਕੇ) ਪ੍ਰੋ. ਮੋਹਨ ਸਿੰਘ (1905–1978) ਪੰਜਾਬੀ ਵਿਚ ਇਕ ਪ੍ਰਸਿੱਧ ਕਵੀ ਹੋਏ ਹਨ। ਉਨ੍ਹਾਂ ਦੀ ਕਵਿਤਾ ਵਿਚ ਪੰਜਾਬ ਦੇ ਲੋਕਾਂ ਤੇ ਸਭਿਆਚਾਰ ਦੀਆਂ ਮੁੱਖ ਗੱਲਾਂ ਦੀ ਝਲਕ ਮਿਲਦੀ ਹੈ। ਉਹਨਾਂ ਨੇ ਲੋਕਾਂ ਦੇ ਦੁੱਖਾਂ, ਗਮਾਂ, ਪੀੜਾਂ ਤੇ ਵਲਵਲਿਆਂ ਨੂੰ ਆਪਣੀਆਂ ਕਵਿਤਾਵਾਂ ਵਿਚ ਖੂਬਸੂਰਤੀ ਨਾਲ ਚਿਤਰਿਆ ਹੈ। ਉਹਨਾਂ ਨੂੰ ਪੰਜਾਬ ਦੇ ਯੁੱਗ ਕਵੀ ਵਜੋਂ ਯਾਦ ਕੀਤਾ ਜਾਂਦਾ ਹੈ। 'ਸਿਪਾਹੀ ਦਾ ਦਿਲ' ਨਾਂ ਦੀ ਕਵਿਤਾ ਵਿਚ ਕਵੀ ਨੇ ਪੰਜਾਬ ਦੇ ਨੌਜੁਆਨ ਦੀ

ਉਸ ਭਾਵਨਾ ਨੂੰ ਉਜਾਗਰ ਕੀਤਾ ਹੈ ਜਿਸ ਅਧੀਨ ਉਹ ਆਪਣੀ ਜੰਮਣ ਭੋਇੰ ਨੂੰ ਅਥਾਹ ਪ੍ਰੇਮ ਕਰਦਾ ਹੈ ਤੇ ਉਸ ਉੱਪਰ ਕੁਰਬਾਨ ਹੋ ਜਾਣ ਲਈ ਤਿਆਰ ਹੈ।

ਆਦਰਸ਼ ਪਾਠ : ਕਵਿਤਾ ਬਾਰੇ ਕੁਝ ਸ਼ਬਦ ਕਹਿਣ ਉਪਰੰਤ ਅਤੇ ਢੁਕਵਾਂ ਮਹੌਲ ਉਸਾਰਨ ਲਈ ਅਧਿਆਪਕ ਵੱਲੋਂ ਸਮੁੱਚੀ ਕਵਿਤਾ ਦਾ ਲੈਅ, ਸੁਰ ਅਨੁਸਾਰ ਉਚਾਰਨ ਕੀਤਾ ਜਾਵੇਗਾ। ਵਿਦਿਆਰਥੀ ਧਿਆਨ ਨਾਲ ਸੁਣਨਗੇ।

**ਵਿਅਕਤੀਗਤ ਪਾਠ ਤੇ ਵਿਆਖਿਆ :**

ਇੱਕ ਇੱਕ ਕਰਕੇ ਵਿਦਿਆਰਥੀ ਕਵਿਤਾ ਦੇ ਬੰਦਾਂ ਦਾ ਉਚੀ ਆਵਾਜ਼ ਵਿਚ ਪਾਠ ਕਰਨਗੇ ਤੇ ਅਧਿਆਪਕ ਵੱਲੋਂ ਬੰਦ ਵਿਚ ਆਏ ਔਖੇ ਤੇ ਨਵੇਂ ਸ਼ਬਦਾਂ ਦੇ ਮੁਹਾਵਰਿਆਂ ਦੀ ਵਿਆਖਿਆ ਕੀਤੀ ਜਾਵੇਗੀ। ਭਾਵਾਂ ਦੀ ਵਿਆਖਿਆ ਸਮੇਂ ਚਿਤਰਾਂ/ਚਾਰਟਾਂ ਦੀ ਵਰਤੋਂ ਕੀਤੀ ਜਾਵੇਗੀ ਤੇ ਪ੍ਰਸ਼ਨ-ਉਤਰ ਵਿਧੀ ਅਪਣਾਈ ਜਾਵੇਗੀ।

ਇਕਾਈ (1)

''ਵਾਗਾਂ ਛੱਡਦੇ ..................... ਨਦੀਆਂ ਚੜ੍ਹਾਈਆਂ ਨੇ''

ਵਾਂਗਾਂ, ਹੰਝੂਆਂ ਵਾਲੀ, ਰਕਾਬ, ਦੇਸ਼ ਤੇ ਭੀੜ ਬਣਨੀ, ਰੋ ਰੋ ਕੇ ਪਾਣੀ ਫੇਰਨਾ, ਆਬ, ਸਰੂ ਵਰਗੀ ਜੁਆਨੀ, ਭੂੰਡ, ਗੁਲਾਬ, ਹਉਕੇ ਤੇ ਹਉਕਾ ਲੈਣਾ, ਅੱਖਾਂ ਹੁਜਾਉਦਾ, ਪੰਜ ਦਰਿਆਵਾਂ ਦੇ ਲਾਂਘੇ ਤੇ ਦੋ ਨਦੀਆਂ, ਇਹਨਾਂ ਸ਼ਬਦਾਂ, ਵਾਕੰਸ਼ਾਂ ਤੇ ਮੁਹਾਵਰਿਆਂ ਦੀ ਵਿਆਖਿਆ।

ਇਸ ਬੰਦ ਵਿਚ ਕਵੀ ਅਨੁਸਾਰ ਸਿਪਾਹੀ ਆਪਣੀ ਪਤਨੀ ਨੂੰ ਸੰਬੋਧਨ ਕਰਕੇ ਦੱਸ ਰਿਹਾ ਹੈ ਕਿ ਦੇਸ਼ ਦੀਆਂ ਹੱਦਾਂ ਤੇ ਦੁਸ਼ਮਨ ਨੇ ਹੱਲਾ ਬੋਲ ਦਿੱਤਾ ਹੈ ਉਸ ਦੇ ਜੰਗ ਵਿਚ ਜਾਣ ਤੇ ਉਹ ਉਦਾਸ ਨਾ ਹੋਵੇ।

ਵਿਕਾਸਤਮਕ ਪ੍ਰਸ਼ਨ ਜਾਂ ਅੰਸ਼ਿਕ ਦੁਹਰਾਈ

(1) ਹੰਝੂਆਂ ਵਾਲੀ ਕੌਣ ਹੈ ?

(2) ਸਰੂ ਵਰਗੀ ਜਵਾਨੀ ਤੋਂ ਕੀ ਭਾਵ ਹੈ ?

(3) ''ਦੋ ਨਦੀਆਂ'' ਕਿਹੜੀਆਂ ਹਨ ?

ਇਕਾਈ (2)

''ਫੂਹੀ ਫੂਹੀ .............. ਆਕੜਾਂ ਭੰਨਦੀ ਕਮਾਨ ਮੇਰੀ''

ਫੂਹੀ, ਫੂਹੀ, ਸਹਿਕਣਾ, ਦੁੱਧ ਛੁਹਾਰੇ, 'ਪੱਛੀ ਲਾਉਣਾ, ਘਟ ਘੋਰ ਪਾਉਣਾ, ਡੱਗਾ ਲੱਗਣਾ, ਨਗਾਰਾ, ਕੰਨ ਚੁਕੱਣੇ, ਜੀਭਾਂ ਕੱਢਣਾ, ਆਕੜਾਂ-ਭੰਨਣਾ ਇਹਨਾਂ ਦੀ ਵਿਆਖਿਆ।

ਇਹਨਾਂ ਸਤਰਾਂ ਵਿਚ ਸਿਪਾਹੀ ਆਪਣੇ ਸਾਥੀਆਂ ਦੀ ਹਾਲਤ ਬਿਆਨ ਕਰਕੇ ਆਪਣੇ ਸੁੱਖ ਨੂੰ ਤਿਆਗ ਦੇ ਮੈਦਾਨ ਵਿਚ ਨਿਤਰਨ ਲਈ ਆਪਣੀ ਬਿਹਬਲਤਾ ਪ੍ਰਗਟ ਕਰ ਰਿਹਾ ਹੈ।

ਵਿਕਾਸਤਮਕ ਪ੍ਰਸ਼ਨ ਜਾਂ ਅੰਸ਼ਿਕ ਦੁਹਰਾਈ

(1) 'ਵੀਰ ਤੇ' 'ਸਾਥੀ' ਕੌਣ ਹਨ ?

(2) ਮਹਿਲਾਂ ਚੁਬਾਰਿਆਂ ਨੂੰ ਪੱਛੀ ਲਾਉਣ ਤੋਂ ਕੀ ਭਾਵ ਹੈ।

ਇਕਾਈ (3)

''ਵਿਚ ਰੰਗ ਦੇ ............... ਦੇਵੀ ਕਟਾਰ ਸਾਡੀ''।

ਰੰਗ, ਮਸਤ ਮਲੰਗ, ਝਨਾਂ, ਤਲੀ ਤੇ ਜਾਨ ਧਰਨਾ, ਛਿੰਝ, ਘੋਲ ਪਾਉਣਾ ਢੋਲੇ ਗਾਉਣਾ, ਮਾਹ, ਖੂਨ ਦੀ ਮਹਿੰਦੀ ਲਾਉਣਾ, ਦੋ ਦੇਵੀਆਂ ............. ਇਹਨਾਂ ਦੀ ਵਿਆਖਿਆ।

ਕਵਿਤਾ ਦੇ ਇਸ ਬੰਦ ਵਿਚ ਸਿਪਾਹੀ ਵੱਲੋਂ ਜੰਗ ਅਤੇ ਅਮਨ ਸਮੇਂ ਆਪਣੇ ਕਾਰਜਾਂ ਦੀ ਤੁਲਨਾ ਦੱਸੀ ਗਈ ਹੈ।

ਵਿਕਾਸਤਮਕ ਪ੍ਰਸ਼ਨ ਜਾਂ ਅੰਸ਼ਿਕ ਦੁਹਰਾਈ

(1) 'ਰੰਗ' ਤੇ 'ਜੰਗ' ਵਿਚ ਕੀ ਅੰਤਰ ਹੈ ?
(2) ''ਤਲਵਾਰ ਦੀ ਬਾਂਹ ਪਾਉਣਾ'' ਕਿਸ ਗੱਲ ਦੀ ਸੂਚਕ ਹੈ?
(3) 'ਦੋ ਦੇਵੀਆਂ' ਕਿਹੜੀਆਂ ਹਨ?

ਇਕਾਈ (4)

''ਵਿਚ ਜੰਗ ................. ਫੜਾ ਛੱਡੀ''।

ਬੁੰਦੇ, ਛਰੇ, ਪੇਚ ਖਾਂਦਾ ਧੂੰਆ, ਪਲਕਾਂ ਦੀ ਯਾਦ, ਚਿਤਾਰਨਾ, ਰੱਖੀ ਸਾਈ ਦੀ, ਤੇਗ-ਇਹਨਾਂ ਦੀ ਵਿਆਖਿਆ।

ਕਵਿਤਾ ਦੇ ਇਸ ਆਖਰੀ ਬੰਦ ਵਿਚ ਕਵੀ ਨੇ ਸਿਪਾਹੀ ਦੇ ਜੰਗ ਦੇ ਮੈਦਾਨ ਵਿਚ ਆਪਣੀ ਪਤਨੀ ਦੀ ਯਾਦ ਨੂੰ ਵੱਖਰੀ ਤਰ੍ਹਾਂ ਬਿਆਨ ਕੀਤਾ ਹੈ। ਇਹਨਾਂ ਸਤਰਾਂ ਵਿਚੋਂ ਸਿਪਾਹੀ ਦੀ ਕੁਰਬਾਨੀ ਦੀ ਭਾਵਨਾ ਜ਼ੋਰਦਾਰ ਰੂਪ ਵਿਚ ਪ੍ਰਗਟ ਹੋਈ ਹੈ।

ਵਿਕਾਸਤਾਮਕ ਪ੍ਰਸ਼ਨ ਜਾਂ ਅੰਸ਼ਿਕ ਦੁਹਰਾਈ

(1) 'ਸਾਈ ਦੀ ਰੱਖ' ਬੁਲਾਉਣ ਤੋਂ ਕੀ ਭਾਵ ਹੈ ?
(2) ਸਿਪਾਹੀ ਦੀ ਆਪਣੀ ਤਲਵਾਰ ਕਿਸ ਨੂੰ ਫੜਾਉਣ ਦੀ ਗੱਲ ਕਹਿੰਦਾ ਹੈ।

ਇਸ ਵਿਆਖਿਆ ਤੋਂ ਬਾਅਦ ਅਧਿਆਪਕ ਇਕ ਵਾਰ ਫਿਰ ਸਾਰੀ ਕਵਿਤਾ ਪੜੇਗਾ ਫਿਰ ਵਿਦਿਆਰਥੀਆਂ ਨੂੰ ਮੌਨ ਪਾਠ ਰਾਹੀਂ ਸਾਰੀ ਕਵਿਤਾ ਨੂੰ ਧਿਆਨ ਨਾਲ ਜ਼ਬਾਨੀ ਪੜਨ ਲਈ ਕਹੇਗਾ।

ਘਰ ਦਾ ਕੰਮ : ਇਸ ਕਵਿਤਾ ਵਿਚ ਆਏ ਦ੍ਰਿਸ਼ਾਂ ਨੂੰ ਦਰਸਾਉਂਦੇ ਹੋਇਆ ਇਕ ਚਾਰਟ ਬਣਾਓ? ਇਹ ਕਵਿਤਾ ਜ਼ਬਾਨੀ ਯਾਦ ਕਰੋ ?

ਪਾਠ ਯੋਜਨਾ ਨੰ: 2

| | |
|---|---|
| ਵਿਦਿਆਰਥੀ ਤੇ ਅਧਿਆਪਕ ਦਾ ਰੋਲ ਨੰ: | 1000 |
| ਵਿਸ਼ਾ | ਪੰਜਾਬੀ |
| ਉਪ ਵਿਸ਼ਾ | ਵਿਸ਼ੇਸ਼ਣ |
| ਸਮਾਂ | 35 ਮਿੰਟ |
| ਸ਼੍ਰੇਣੀ | ਸੱਤਵੀਂ |

ਸਹਾਇਕ ਸਮੱਗਰੀ : ਬਲੈਕ ਬੋਰਡ, ਚਾਕ, ਝਾੜਨ

ਵਿਸ਼ੇਸ਼ ਸਮੱਗਰੀ : ਵਿਸ਼ੇਸ਼ਣ ਬਾਰੇ ਚਾਰਟ, ਕੁਝ ਵਸਤਾਂ ਜਿਹਾ ਕਿ- ਰੰਗ ਬਿਰੰਗੇ ਫੁੱਲ, ਫਲ, ਲੂਣ, ਚੀਨੀ ਆਦਿ।

ਸਾਧਾਰਨ ਉਦੇਸ਼ :

(1) ਵਿਦਿਆਰਥੀ ਨੂੰ ਪੰਜਾਬੀ ਭਾਸ਼ਾ ਦੀ ਵਿਆਕਰਨ ਪ੍ਰਤਿ ਰੁਚੀ ਤੀਬਰ ਕਰਨੀ।
(2) ਵਿਦਿਆਰਥੀਆਂ ਦੇ ਗਿਆਨ ਵਿਚ ਵਾਧਾ ਕਰਨਾ।
(3) ਪੰਜਾਬੀ ਭਾਸ਼ਾ ਦੀ ਸ਼ੁੱਧ ਵਰਤੋਂ ਕਰਨ ਦਾ ਅਭਿਆਸ ਕਰਾਉਣਾ।

ਵਿਸ਼ੇਸ਼ ਮੰਤਵ : ਵਿਦਿਆਰਥੀ ਨੂੰ ਇਸ ਯੋਗ ਬਣਾਉਣਾ ਕਿ ਉਹ

(1) ਵਿਸ਼ੇਸ਼ਤਾ ਪ੍ਰਗਟ ਕਰਨ ਵਾਲੇ ਸ਼ਬਦਾਂ ਨੂੰ ਪਛਾਣ ਸਕਣ।
(2) ਵਾਕ ਵਿਚੋਂ ਵਿਸ਼ੇਸ਼ਣ ਸ਼ਬਦ ਲੱਭ ਸਕਣ।
(3) 'ਵਿਸ਼ੇਸ਼ਣ' ਸ਼ਬਦਾਂ ਦੀ ਵਰਤੋਂ ਕਰਕੇ ਵਾਕ ਬਣਾਂ ਸਕਣ।

ਪਾਠ ਵਿਧੀ : ਆਗਮਨ ਵਿਧੀ ਤੇ ਪ੍ਰਸ਼ਨ ਉੱਤਰ ਵਿਧੀ ਰਾਹੀਂ ਹੀ ਇਹ ਪਾਠ ਪੜ੍ਹਾਇਆ ਜਾਵੇਗਾ।

ਪੂਰਵ ਗਿਆਨ ਦੀ ਪਰਖ : ਵਿਦਿਆਰਥੀ ਨੂੰ ਹਥਲੇ ਪਾਠ ਲਈ ਤਿਆਰ ਕਰਨ ਲਈ ਨਿਮਨ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ।

| ਚਾਰਟ |
|---|
| ਮੇਰੇ ਕੋਲ ਪੰਜ ਅੰਬ ਹਨ। |
| ਉਹ ਹੁਸ਼ਿਆਰ ਵਿਦਿਆਰਥੀ ਹੈ। |
| ਸੰਤਰਾ ਮਿੱਠਾ ਹੈ। |
| ਮੋਹਨ ਨੇ ਦੋ ਕੇਲੇ ਖਾਧੇ। |
| ਇਸ ਕਿਤਾਬ ਵਿਚ ਸੁੰਦਰ ਤਸਵੀਰਾਂ ਹਨ। |

(ਚਾਰਟ ਉਪਰ ਲਿਖੇ ਵਾਕਾਂ ਵੱਲ ਇਸ਼ਾਰਾ ਕਰਕੇ।)

(1) ਇਹਨਾਂ ਵਾਕਾਂ ਵਿਚ ਨਾਂਵ ਸ਼ਬਦ ਕਿਹੜੇ ਹਨ ?

(2) ਇਹਨਾਂ ਵਾਕਾਂ ਵਿਚ ਪੜ੍ਹਨਾਂਵ ਸ਼ਬਦ ਲੱਭੋ ?

(3) 'ਮਿੱਠਾ' ਸ਼ਬਦ ਕਿਸ ਦੀ ਖੂਬੀ ਦਸਦਾ ਹੈ।

(4) ਕਿਸੇ ਨਾਂਵ ਦੀ ਖੂਬੀ ਦਰਸਾਣ ਵਾਲੇ ਕੋਈ ਸ਼ਬਦ ਦੱਸੋ ?

ਉਦੇਸ਼ ਕਥਨ : ਅੱਜ ਅਸੀਂ ਅਜਿਹੇ ਸ਼ਬਦ ਬਾਰੇ ਗਿਆਨ ਪ੍ਰਾਪਤ ਕਰਾਂਗੇ ਜੋ ਕਿਸੇ ਨਾਂਵ ਜਾਂ ਪੜ੍ਹਨਾਂਵ ਦੀ ਕੋਈ ਖੂਬੀ ਜਾਂ ਔਗੁਣ ਜਾਂ ਗਿਣਤੀ ਮਿਣਤੀ ਦਰਸਾਂਦੇ ਹਨ।

ਪ੍ਰਸਤਾਵਨਾਂ : ਚਾਰਟਾਂ ਦੇ ਚਾਕ ਬੋਰਡ ਦੀ ਵਰਤੋਂ ਕੁਝ ਵਾਕਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਪ੍ਰਸ਼ਨ ਉਤਰ ਵਿਧੀ ਦੀ ਵਰਤੋਂ ਕਰਕੇ ਪਾਠ ਗ੍ਰਹਿਣ ਕੀਤਾ ਜਾਵੇਗਾ।

ਉਦਾਹਰਣਾਂ :

ਗੈਂਦੇ ਦਾ ਫੁੱਲ ਸੋਹਣਾ ਹੈ।
ਇਹ ਅੰਬ ਮਿੱਠਾ ਹੈ।
ਮੇਰਾ ਕਮਰਾ ਹਵਾਦਾਰ ਹੈ।
ਸੁਰਿੰਦਰ ਦੀ ਪਗੜੀ ਲਾਲ ਹੈ।
ਇਹ ਸੜਕ ਚੌੜੀ ਹੈ।
ਉਹ ਇਮਾਰਤ ਨੌ ਮੰਜ਼ਲੀ ਹੈ।
ਮੋਹਨ ਕੋਲ ਪੰਜ ਕਿਤਾਬਾਂ ਹਨ।
ਗਲਾਸ ਵਿਚ ਥੋੜਾ ਜਿਹਾ ਦੁੱਧ ਹੈ।
ਕਿੰਨੀ ਸੁਹਣੀ ਤਸਵੀਰ ਹੈ।

ਵਿਸ਼ਲੇਸ਼ਣ : ਇਹਨਾਂ ਵਾਕਾਂ ਨੂੰ ਧਿਆਨ ਨਾਲ ਪੜ੍ਹੋ। (ਇਕ ਇਕ ਵਾਕ ਬਾਰੇ ਪ੍ਰਸ਼ਨ ਪੁੱਛ ਕੇ) ਗੂੜ੍ਹੇ ਛਪੇ ਸ਼ਬਦ ਕਿਹੜੇ ਕਿਹੜੇ ਸ਼ਬਦਾਂ ਦੀ ਖੂਬੀ, ਗੁਣ ਜਾਂ ਔਗੁਣ ਜਾਂ ਗਿਣਤੀ ਦਰਸਾਉਂਦੇ ਹਨ ?

ਸਧਾਰਨੀਕਰਨ : ਇਹਨਾਂ ਵਾਕਾਂ ਨੂੰ ਗਹੁ ਨਾਲ ਪੜ੍ਹਨ ਅਤੇ ਵਿਸ਼ਲੇਸ਼ਣ ਕਰਨ ਉਪਰੰਤ ਅਸੀਂ ਇਸ ਨਤੀਜੇ ਤੇ ਪੁਜਦੇ ਹਾਂ ਕਿ ਕਿਸੇ ਵਾਕ ਵਿਚ ਜਿਹੜਾ ਸ਼ਬਦ ਕਿਸੇ, ਨਾਂਵ ਜਾਂ ਪੜ੍ਹਨਾਵ ਸ਼ਬਦ ਦਾ ਕੋਈ, ਗੁਣ ਔਗੁਣ ਜਾਂ ਗਿਣਤੀ ਪ੍ਰਗਟ ਕਰੇ ਉਸ ਨੂੰ ਵਿਸ਼ੇਸ਼ਣ ਆਖਦੇ ਹਨ। ਜਿਹਾ ਕਿ ਇਹਨਾਂ ਵਾਕਾਂ ਵਿਚ ਸੁਹਣਾ, ਮਿੱਠਾ, ਹਵਾਦਾਰ, ਲਾਲ, ਚੌੜੀ, ਨੌ ਮੰਜ਼ਲੀ, ਪੰਜ, ਥੋੜ੍ਹਾ ਅਤੇ ਸੁਹਣੀ-ਸ਼ਬਦ ਵਿਸ਼ੇਸ਼ਣ ਹਨ।

ਅਭਿਆਸ (1) ਇਹਨਾਂ ਵਾਕਾਂ ਵਿਚੋਂ ਵਿਸ਼ੇਸ਼ਣ ਸ਼ਬਦ ਚੁਣੋ :-

ਮੈਂ ਠੀਕ ਹਾਂ।
ਉਹ ਸੁਸਤ ਹੈ।
ਸੁਰਿੰਦਰ ਨੇ ਮੋਹਨ ਨੂੰ ਸੱਤ-ਸੰਤਰੇ ਦਿੱਤੇ।
ਸ਼ਾਮ ਕੁਮਾਰ ਅਮੀਰ ਵਿਅਕਤੀ ਹੈ।
ਇਹ ਪੈਨਸ਼ਿਲ ਛੋਟੀ ਹੈ।

ਦੁੱਧ ਗਰਮ ਹੈ।
ਇੱਥੋਂ ਚੰਡੀਗੜ੍ਹ ਪੱਚੀ ਕਿਲੋਮੀਟਰ ਦੂਰ ਹੈ।

(2) ਵਿਸ਼ੇਸ਼ਣ ਸ਼ਬਦ ਵਾਲੇ ਕੁਝ ਵਾਕ ਬਣਾਓ
(1) ਕੋਈ ਪੰਜ ਵਿਸ਼ੇਸ਼ਣ ਸ਼ਬਦ ਦੱਸੋ।

(2) ਹੇਠ ਦਿੱਤੇ ਅਧੂਰੇ ਵਾਕ ਲਈ ਵਿਸ਼ੇਸ਼ਣ ਸ਼ਬਦ ਬੋਲੋ।
ਸੁਰਿੰਦਰ ........... ਹੈ।

ਘਰ ਦਾ ਕੰਮ (1) ਵਿਸ਼ੇਸ਼ਣ ਦੀ ਪਰਿਭਾਸ਼ਾ ਆਪਣੇ ਸ਼ਬਦਾਂ ਵਿਚ ਲਿਖ ਕੇ ਲਿਆਓ।
(2) ਵਿਸ਼ੇਸ਼ਣ ਸ਼ਬਦਾਂ ਵਾਲੇ ਤਿੰਨ-ਤਿੰਨ ਵਾਕ ਬਣਾ ਕੇ ਲਿਆਓ।
ਜਿਸ ਤਰ੍ਹਾਂ ਵਿਸ਼ੇਸ਼ਣ ਦੀ ਪਾਠ ਯੋਜਨਾ ਬਣਾਈ ਹੈ ਉਸੀ ਤਰ੍ਹਾਂ ਅੱਗੇ ਇਸਦੀਆਂ ਕਿਸਮਾਂ ਵੀ ਅਸੀਂ ਵਿਸਥਾਰ ਸਹਿਤ ਦੱਸ ਸਕਦੇ ਹਾਂ।

## 10.7 ਸਾਰ:–

ਸੁਤੰਤਰ ਤੌਰ ਤੇ ਪਾਠ ਯੋਜਨਾ ਨੂੰ ਚੰਗੀ ਜਾਂ ਮਾੜੀ ਕਹਿਣਾ ਮੁਸ਼ਕਲ ਹੈ। ਫਿਰ ਵੀ ਕਿਸੇ ਪਾਠ ਦੀ ਸਫਲਤਾ ਉਸ ਦੀ ਪਾਠ ਬਾਰੇ ਅਜਿਹਾ ਮੱਤ ਬਣਾਉਣ ਲਈ ਜ਼ਿੰਮੇਵਾਰ ਹੁੰਦੀ ਹੈ।

ਚੰਗੀ ਪਾਠ ਯੋਜਨਾ ਸਦਕਾ ਅਧਿਆਪਕ ਨੂੰ ਆਪਣੇ ਉਪਰ ਭਰੋਸਾ ਬਝਦਾ ਹੈ, ਉਸ ਦੀ ਝਿਜਕ ਦੂਰ ਹੁੰਦੀ ਹੈ। ਉਹ ਪਾਠ ਦੇ ਅਮਲ ਦੌਰਾਨ ਕੀਤੀਆਂ ਜਾਣ ਵਾਲੀਆਂ ਸੁਖਮ ਗੱਲਾਂ ਤੇ ਜ਼ਰੂਰੀ ਨੁਕਤਿਆਂ ਨੂੰ ਵੀ ਅੱਖੋਂ ਉਹਲੇ ਨਹੀਂ ਹੋਣ ਦਿੰਦਾ।

ਪਾਠ ਯੋਜਨਾ ਤਾਂ ਸਿਖਣ ਸਿਖਾਉਣ ਦੇ ਅਮਲ ਦੀ ਪਹਿਲੀ ਕੀਤੀ ਗਈ ਇਕ ਰਿਹਰਸਲ ਹੈ ਜੋ ਅਧਿਆਪਕ ਨੂੰ ਮਾਨਸਿਕ ਤੌਰ ਤੇ ਤਿਆਰ ਕਰਦੀ ਹੈ ਤੇ ਪਾਠ ਦੇ ਅਮਲ ਸਮੇਂ ਸੁਚੱਜੀ ਤਰਤੀਬ ਅਨੁਸਾਰ ਕੰਮ ਕਰਨ ਵਿਚ ਅਗਵਾਈ ਕਰਦੀ ਹੈ। ਇਥੇ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਪਾਠ ਯੋਜਨਾ ਅਧਿਆਪਕ ਦੀ ਮਾਰਗ ਦਰਸ਼ਕ ਹੁੰਦੀ ਹੈ, ਅਧਿਆਪਕ ਨੂੰ ਇਸ ਦਾ ਗੁਲਾਮ ਨਹੀਂ ਬਣਨਾ ਚਾਹੀਦਾ। ਇਸ ਵਿਚ ਲੋੜੀਂਦੀ ਲਚਕ ਰਹਿਣੀ ਹੀ ਚਾਹੀਦੀ ਹੈ। ਇਸ ਨੂੰ ਪਾਠ ਦੀ ਸਫਲਤਾ ਲਈ ਇਕ ਸਾਧਨ ਵਜੋਂ ਹੀ ਵਰਤਣਾ ਚਾਹੀਦਾ ਹੈ।

## 2.5.8 ਅਭਿਆਸ ਲਈ ਪ੍ਰਸ਼ਨ

(1) ਅੱਠਵੀਂ ਸ਼੍ਰੇਣੀ ਲਈ ਪੰਜਾਬੀ ਦੀ ਪਾਠ ਪੁਸਤਕ ਵਿਚੋਂ ਕਵਿਤਾ ਵਾਰਤਕ ਦੇ ਦੋ-ਦੋ ਪਾਠਾਂ ਦੀਆਂ ਪਾਠ ਯੋਜਨਾਵਾਂ ਬਣਾਓ।

(2) ਪੜਨਾਉਂ, ਕਿਰਿਆ, ਕਿਰਿਆ ਵਿਸ਼ੇਸ਼ਣ ਦੀਆਂ ਪਾਠ ਯੋਜਨਾਵਾਂ ਬਣਾਓ।